Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਅਗਸਤ 2018 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਅਜ਼ਾਦੀ ਦਿਹਾੜੇ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ !



## 72 ਸਾਲ ਬਾਅਦ ਵੀ ਮੁੱਢਲੀਆਂ ਜ਼ਰੂਰਤਾਂ ਨਾਲ ਜੂਝਦੇ ਲੋਕ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਅਜ਼ਾਦ ਦੇਸ਼ ਅਤੇ ਅਸੀਂ



15 ਅਗਸਤ 1947 ਨੂੰ ਭਾਰਤ ਦੇਸ਼ ਆਜ਼ਾਦ ਹੋਏ। ਇਸੇ ਦਿਨ ਹੀ ਹਿੰਦੁਸਤਾਨ ਦੀ ਧਰਤੀ ਦੋ ਹਿੱਸਿਆਂ ਵਿਚ ਵੰਡੀ ਗਈ। ਉੱਤਰੀ ਭਾਰਤ ਦੇ ਖ਼ੁਸ਼ਹਾਲ ਖਿੱਤੇ ਪੰਜਾਬ ਨੂੰ ਆਜ਼ਾਦੀ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ। ਸਦੀਆਂ ਤੋਂ ਇਕੱਠੇ ਰਹਿ ਰਹੇ ਲੱਖਾਂ ਲੋਕਾਂ ਨੂੰ ਘਰ-ਬਾਰ ਛੱਡ ਕੇ ਇਧਰੋਂ ਧਰਮ ਦੇ ਨਾਂਅ 'ਤੇ ਨਵੇਂ ਬਣੇ ਦੇਸ਼ ਪਾਕਿਸਤਾਨ ਜਾਣਾ ਪਿਆ ਤੇ ਉਧਰੋਂ ਇਧਰ ਆਉਣਾ ਪਿਆ। ਇਹ ਧਰਮ ਆਧਾਰਿਤ ਵੰਡ ਸੀ। ਦਸ ਲੱਖ ਦੇ ਕਰੀਬ ਲੋਕ ਫ਼ਸਾਦਾਂ ਵਿਚ ਕਤਲ ਹੋਏ। ਹਜ਼ਾਰਾਂ ਮੁਟਿਆਰਾਂ ਨੇ ਇਸ ਦੌਰਾਨ ਆਪਣੀ ਇੱਜ਼ਤ-ਆਬਰੂ ਬਚਾਉਣ ਲਈ ਆਪਣੀ ਜਾਨ ਦੀ ਅਹੂਤੀ ਦਿੱਤੀ। ਲੋਕ ਆਪਣੀਆਂ ਜੜ੍ਹਾਂ ਤੋਂ ਹਿੱਲ ਗਏ।

ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਧਰਮ, ਜਾਤ ਦੇ ਲੋਕਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਪਰ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਦੇ ਹਿੱਸੇ ਆਈਆਂ। ਆਜ਼ਾਦੀ ਮਿਲਣ ਤੇ ਸੰਤਾਪ ਵੀ ਸਭ ਤੋਂ ਵੱਧ ਪੰਜਾਬ ਦੇ ਲੋਕਾਂ ਨੂੰ ਭੋਗਣਾ ਪਿਆ। ਅੱਜ ਜਿਸ ਆਜ਼ਾਦੀ ਦੇ ਅਸੀਂ ਅੱਜ ਜਸ਼ਨ ਮਨਾਉਂਦੇ ਹਾਂ, ਇਹ ਉਹ ਆਜ਼ਾਦੀ ਨਹੀਂ ਹੈ, ਜਿਸ ਨੂੰ ਸਾਡੇ ਮਹਾਨ ਸ਼ਹੀਦਾਂ ਨੇ ਚਿਤਵਿਆ ਸੀ। ਇੱਥੇ ਸਾਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਉਹ ਸ਼ਬਦ ਨੂੰ ਯਾਦ ਆਉਂਦੇ ਹਨ, ਜੋ ਉਨ੍ਹਾਂ ਫਾਂਸੀ ਦਿੱਤੇ ਜਾਣ ਤੋਂ ਕੁਝ ਦਿਨ ਪਹਿਲਾਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਦੇ ਨਾਂਅ ਇਕ ਖਤ ਵਿਚ ਲਿਖੇ ਸਨ। ਭਗਤ ਸਿੰਘ ਨੇ ਲਿਖਿਆ ਸੀ, 'ਬਸਤੀਵਾਦੀ ਅੰਗਰੇਜ਼ ਹਕੂਮਤ ਖਿਲਾਫ਼ ਲੜਾਈ ਸਾਡੀ ਅੰਤਿਮ ਲੜਾਈ ਨਹੀਂ, ਇਹ ਲੜਾਈ ਤਾਂ ਸਾਡਾ ਪਹਿਲਾ ਮੋਰਚਾ ਹੈ, ਅਸਲੀ ਲੜਾਈ ਤਾਂ ਇਸ ਤੋਂ ਬਾਅਦ ਨਾਬਰਾਬਰੀ ਅਤੇ ਬੇਇਨਸਾਫ਼ੀ ਦਾ ਖ਼ਾਤਮਾ ਕਰਨ ਲਈ ਲੜੀ ਜਾਵੇਗੀ।' ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦਾਂ ਦੀਆਂ ਵੱਡੀਆਂ ਲਾਸਾਨੀ ਕੁਰਬਾਨੀਆਂ ਨਾਲ ਇਹ ਦੇਸ਼ ਆਜ਼ਾਦ ਹੋਇਆ। ਪਰ ਮਹਾਨ ਸ਼ਹੀਦਾਂ ਦੇ ਅਸਲ ਮਨੋਰਥ ਨੂੰ ਵਿਸਾਰ ਦਿੱਤਾ ਗਿਆ। ਜਿਸ ਨਿਜ਼ਾਮ ਨੂੰ ਬਦਲਣ ਲਈ ਆਜ਼ਾਦੀ ਦੀ ਵੇਦੀ 'ਤੇ ਹਜ਼ਾਰਾਂ ਸੂਰਬੀਰ ਕੁਰਬਾਨ ਹੋਏ, ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਗਿਆ, ਉਸ ਨਿਜ਼ਾਮ ਨੂੰ ਬਦਲਿਆ ਨਹੀਂ ਜਾ ਸਕਿਆ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਦੇਸ਼ ਦੇ ਲੋਕਾਂ ਨੂੰ ਵੱਡੇ ਲਾਰੇ ਲਾ ਕੇ ਪ੍ਰਚਾਇਆ ਗਿਆ। ਦੂਜਾ ਕਾਰਨ ਇਹ ਸੀ ਕਿ ਦੇਸ਼ ਵੰਡ ਨਾਲ ਬਰਬਾਦੀਆਂ ਦਾ ਸ਼ਿਕਾਰ ਹੋਏ ਲੱਖਾਂ ਲੋਕਾਂ ਨੂੰ ਰੋਜ਼ੀ-ਰੋਟੀ ਦੀ ਫਿਕਰ ਨੇ ਸ਼ਹੀਦਾਂ ਦੇ ਅਸਲ ਮਨੋਰਥ ਤੋਂ ਭਟਕਾ ਦਿੱਤਾ।

ਬੇਸ਼ੱਕ ਅਜ਼ਾਦੀ ਤੋਂ ਬਾਅਦ ਦੇਸ਼ ਨੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਹਾਸਲ ਵੀ ਕੀਤੀ ਪਰ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰਨ, ਨਿਆਂ, ਇਨਸਾਫ਼, ਗ਼ਰੀਬੀ, ਮੰਦਹਾਲੀ ਅਤੇ ਬੇਰੁਜ਼ਗਾਰੀ ਦੂਰ ਕਰਨ ਲਈ ਜੋ ਕੁਝ ਕੀਤਾ ਜਾਣਾ ਚਾਹੀਦਾ ਸੀ, ਉਹ ਨਹੀਂ ਕੀਤਾ ਜਾ ਸਕਿਆ। ਆਜ਼ਾਦੀ ਤੋਂ ਬਾਅਦ ਇੱਥੇ ਅਮੀਰੀ-ਗ਼ਰੀਬੀ ਦਾ ਪਾੜਾ ਬੜੀ ਤੇਜ਼ੀ ਨਾਲ ਵਧਿਆ ਹੈ। ਬਹੁਗਿਣਤੀ ਲੋਕ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਮੁਢਲੀਆਂ ਲੋੜਾਂ ਦੇ ਮੁਥਾਜ ਹਨ।

ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਕਦਰਾਂ-ਕੀਮਤਾਂ ਦੇ ਢਾਂਚੇ ਵਾਲੇ ਇਸ ਦੇਸ਼ ਦੀ ਮੌਜੂਦਾ ਵਿਵਸਥਾ ਵਿਚ ਆਮ ਲੋਕ ਮਹਿਜ਼ ਵੋਟ ਬਣ ਕੇ ਰਹਿ ਗਏ ਹਨ। ਦੇਸ਼ ਦੇ ਕਰੋੜਾਂ ਲੋਕ, ਜਿਨ੍ਹਾਂ ਦੇ ਵੱਡੇ ਵਡੇਰਿਆਂ ਨੇ ਦੇਸ਼ ਦੀ ਆਜ਼ਾਦੀ, ਵਿਕਾਸ ਅਤੇ ਤਰੱਕੀ ਲਈ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਖ਼ੂਨ ਪਸੀਨਾ ਵਹਾਇਆ, ਨੂੰ ਹਾਸ਼ੀਏ 'ਤੇ ਕਰ ਦੇਣ ਦੀ ਕਵਾਇਦ ਚੱਲ ਰਹੀ ਹੈ। ਦੇਸ਼ ਦੇ ਲੱਖਾਂ ਕਿਰਤੀ ਕਿਸਾਨ, ਮਜ਼ਦੂਰ ਪੂਰੀ ਜ਼ਿੰਦਗੀ ਹੱਡ ਭੰਨਵੀਂ ਮਿਹਨਤ ਕਰਦੇ ਹਨ ਅਤੇ ਅੰਤ ਨੂੰ ਇਨ੍ਹਾਂ ਦੇ ਹੱਥ ਖਾਲੀ ਹੁੰਦੇ ਹਨ। ਇਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦਿਵਾਉਣ ਲਈ ਚੰਗੇ ਸਾਧਨ ਨਹੀਂ ਹਨ। ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਪੈਸੇ ਨਹੀਂ ਹਨ। ਹਰ ਵਾਰ ਇਨ੍ਹਾਂ ਕਿਸਮਤ ਦੇ ਮਾਰੇ ਲੋਕਾਂ ਨੂੰ ਥੋਕ ਵਿਚ ਨਾਅਰੇ ਵਾਅਦੇ ਵੇਚੇ ਜਾਂਦੇ ਹਨ।

ਹਰ ਸਾਲ ਬਾਅਦ ਦੇਸ਼ ਦੇ ਆਜ਼ਾਦੀ ਦਿਹਾੜੇ 'ਤੇ ਹੁੰਦੇ ਸਰਕਾਰੀ ਪ੍ਰੋਗਰਾਮਾਂ ਵਿਚ ਤਰਕੀਰਾਂ ਵਿਚ ਇਹ ਕਿਹਾ ਜਾਂਦਾ ਹੈ ਕਿ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਅਜੇ ਬਾਕੀ ਹੈ। ਜੇਕਰ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਦੇਸ਼ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣ ਸਕਿਆ ਤਾਂ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟਾਂ ਬਣਦੇ ਆਏ ਹਨ? ਦੇਸ਼ ਦਾ ਪੜ੍ਹਿਆ-ਲਿਖਿਆ ਤਬਕਾ ਬੜੀ ਤੇਜ਼ੀ ਨਾਲ ਬਾਹਰਲੇ ਮੁਲਕਾਂ ਦਾ ਰੁਖ਼ ਕਰ ਰਿਹਾ ਹੈ।

ਅੱਜ ਸਮੇਂ ਦੀ ਇਹ ਮੰਗ ਹੈ ਕਿ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜੀ ਜਾਵੇ। ਹਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਇਕਸਾਰ ਹੋਵੇ। ਨੌਜੁਆਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸਰਕਾਰਾਂ ਆਪਣੇ ਫ਼ਰਜ਼ ਸਮਝਣ। ਦੇਸ਼ ਦੇ ਕਰੋੜਾਂ ਨਾਗਰਿਕ ਜੋ ਆਜ਼ਾਦੀ ਦੇ ਹੱਕਾਂ ਤੋਂ ਵਿਰਵੇ ਹਨ, ਦੀ ਹਾਲਤ ਬਿਹਤਰ ਬਣਾਉਣ ਲਈ ਵੱਡੇ ਪ੍ਰੋਗਰਾਮ ਉਲੀਕੇ ਜਾਣ।

ਹੁਣ ਦੇ ਅਜੋਕੇ ਸਮੇਂ ਵਿਚ ਇਹ ਲੋੜ ਹੈ ਕਿ ਸਾਰੇ ਸਿਸਟਮ ਨੂੰ ਸੁਧਾਰਿਆ ਜਾਵੇ ਅਤੇ ਚੰਗੇ ਬੰਦੇ ਇਸ ਕੰਮ ਲਈ ਆਪਣੀ ਚੰਗੀ ਸੋਚ ਨਾਲ ਅੱਗੇ ਆਉਣ ਅਤੇ ਬਿਨਾਂ ਕਿਸੇ ਵਿਤਕਰੇ ਨਾਲ ਦੇਸ਼ ਸਮਾਜ ਦੀ ਸੇਵਾ ਵਿਚ ਯੋਗਦਾਨ ਪਾਉਣ ਤਾਂ ਹੀ ਆਮ ਜਨਤਾ ਦਾ ਭਲਾ ਹੋ ਸਕਦਾ ਹੈ ਨਹੀ ਤਾਂ ਇਸ ਦੇਸ਼ ਦਾ ਰੱਬ ਹੀ ਰਾਖਾ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਸਤੰਬਰ - 17-9-2018 (ਸੋਮਵਾਰ)**


**ਬਾਨੀ ਸੰਪਾਦਕ**
**ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ**


## ਤਤਕਰਾ


ਜਿਲਦ ਨੰ. 41 | ਅੰਕ - 78 | ਅਗਸਤ - 2018



| | | |
|---|---|---|
| 1. | ਵਿਸ਼ਵਾਸ ਦਾ ਸਿਖਰ – ਬਾਬਾ ਮੱਖਣ ਸ਼ਾਹ ਲੁਬਾਣਾ | 4 |
| 2. | You Start Dying Slowly | 4 |
| 3. | 'ਸਾਚਾ ਗੁਰੂ ਲਾਧੋ ਰੇ' | 7 |
| 4. | ਆਪੁ ਸਵਾਰਹਿ ਮੈ ਮਿਲਹਿ | 9 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 12 |
| 6. | ਭਾਰਤ ਕਿਉਂ ਨਹੀਂ ਬਣ ਸਕਿਆ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼? | 15 |
| 7. | ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ – ਰੱਖੜੀ | 17 |
| 8. | ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ | 18 |
| 9. | ਸਮੇਂ ਦੀ ਧੂੜ ਵਿਚ ਗੁਆਚ ਰਹੇ ਪੇਂਡੂ ਕਿੱਤੇ | 19 |
| 10. | ਕਹਾਣੀ (ਕੱਦਾਵਰ) | 22 |
| 11. | ਸ਼ੋਕ ਸਮਾਚਾਰ | 26 |
| 12. | ਕਾਵਿ–ਕਿਆਰੀ | 27 |
| 13. | ਸਿਹਤ ਸੰਭਾਲ | 28 |
| 14. | Major Lubana Establishments | 30 |
| 15. | Carrier After +2 | 32 |
| 16. | ਗਰਾਂਟ ਆਫ ਮੈਰਿਟ–ਕਮ–ਮੀਨਜ਼ ਸਕਾਲਰਸ਼ਿਪ ਸਕੀਮ 2018–19 | 33–37 |
| 17. | Naval Architecture | 38 |
| 18. | ਦਾਨੀ ਸੱਜਣਾਂ ਦੀ ਸੂਚੀ | 39 |
| 19. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਵਿਸ਼ਵਾਸ ਦਾ ਸਿਖਰ - ਬਾਬਾ ਮੱਖਣ ਸ਼ਾਹ ਲੁਬਾਣਾ



ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1619 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਸੀ, ਦਾ ਵੀ ਦਰਿਆਈ ਅਤੇ ਸਮੁੰਦਰੀ ਰਸਤੇ ਬੇੜੇ ਰਾਹੀਂ ਢੋਆ ਢੁਆਈ ਦਾ ਵਪਾਰ ਸੀ।

ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ ॥"**

ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181






ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ–"**ਤੂੰ ਕਰਤਾ ਤੂੰ ਕਰਣੈ ਯੋਗ**॥" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਅਗਲੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ਼ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ 'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ। ਕਹਯੋ ਤਿਸੈ ਹੋ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ। ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੋਂਧ ? ਗੁਰ ਕੋ ਹੈ ਜੋਤਾ। ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੂ। ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ। ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ। ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ। ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥ ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ। ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। '**ਆਪ ਗਵਾਈਏ ਤਾਂ ਸਹੁ ਪਾਈਏ**' ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੁੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ '**ਬਾਬਾ ਬਕਾਲੇ**' ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰੰਸਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ

ਮੂੰਹ ਧੋ ਕੇ ਆਓ।

**"ਗੁਰੂ ਆਖਿਆ ਲੈ ਮੱਖਣ ਸ਼ਾਹੁ।ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ।ਪੂਰਨ ਕੀਨਿ ਮਨਿ ਮਨ ਨੀਕੀ॥"**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ'**ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**"ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੁਲੀਏ ਸੰਗਤ ਸੁਣਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥"**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

# You Start Dying Slowly

## ਪੰਜਾਬੀ ਅਨੁਵਾਦ

* ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ, ਜੇਕਰ ਅਸੀ....
* ਕਰਦੇ ਨਹੀ ਕੋਈ ਯਾਤਰਾ,
* ਪੜਦੇ ਨਹੀ ਕੋਈ ਕਿਤਾਬ,
* ਸੁਣਦੇ ਨਹੀ ਜੀਵਨ ਜੀਉਣ ਦੀਆਂ ਧੁਨੀਆਂ,
* ਕਰਦੇ ਨਹੀ ਕਿਸੇ ਦੀ ਤਾਰੀਫ਼,
* ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ, ਜੇਕਰ ਅਸੀ....
* ਮਾਰ ਦਿੰਦੇ ਹਾਂ ਆਪਣੇ ਸਵੈ-ਅਭਿਮਾਨ ਨੂੰ,
* ਨਹੀ ਕਰਨ ਦਿੰਦੇ ਮਦਦ ਆਪਣੀ ਤੇ ਨਾਂ ਹੀ ਕਰਦੇ ਹਾਂ ਦੂਸਰਿਆਂ ਦੀ,
* ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ, ਜੇਕਰ ਅਸੀ....
* ਬਣ ਜਾਂਦੇ ਹਾਂ ਗੁਲਾਮ ਆਪਣੀਆਂ ਆਦਤਾਂ ਦੇ,
* ਚਲਦੇ ਹਾਂ ਉਹਨਾਂ ਰੋਜ਼ ਵਾਲਿਆਂ ਰਸਤਿਆਂ ਤੇ,
* ਨਹੀ ਬਦਲਦੇ ਆਪਣਾ ਦੈਨਿਕ ਨਿਯਮ ਵਿਵਹਾਰ,
* ਨਹੀ ਪਹਿਨਦੇ ਹਾਂ ਅਲੱਗ-2 ਰੰਗ, ਜਾਂ ,
* ਅਸੀ ਗੱਲ ਨਹੀ ਕਰਦੇ ਉਹਨਾਂ ਨਾਲ ਜੋ ਹੈ ਅਜਨਬੀ ਅਤੇ ਅਣਜਾਣ,
* ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ, ਜੇਕਰ ਅਸੀ....
* ਨਹੀ ਮਹਿਸੂਸ ਕਰਨਾ ਚਾਹੁੰਦੇ ਆਵੇਗਾ ਨੂੰ ਅਤੇ ਉਹਨਾਂ ਨਾਲ ਜੁੜੀ ਅਸ਼ਾਂਤ ਭਾਵਨਾਵਾਂ ਨੂੰ, ਉਹ ਜਿਹਨਾਂ ਨਾਲ ਨਮ ਹੁੰਦੀਆਂ ਅੱਖਾਂ ਅਤੇ ਕਰਦੀ ਹੈ ਤੇਜ਼ ਆਪਣੀਆਂ ਧੜਕਣਾਂ ਨੂੰ,
* ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ, ਜੇਕਰ ਅਸੀ....
* ਨਹੀ ਅਸੀ ਬਦਲ ਸਕਦੇ ਹਾਂ ਆਪਣੀ ਜ਼ਿੰਦਗੀ ਨੂੰ,
* ਜਦੋ ਅਸੀ ਅਸੰਤੁਸ਼ਟ ਹਾਂ ਆਪਣੇ ਕੰਮ ਅਤੇ ਪਰਿਵਾਰ ਤੋ,
* ਤੇ ਜੇ ਅਸੀ ਅਨਿਸ਼ਚਤਿਤਾ ਲਈ ਨਿਸ਼ਚਿਤਾ ਨੂੰ ਛੱਡ ਨਹੀ ਸਕਦੇ,
* ਅਗਰ ਅਸੀ ਨਹੀ ਦਿੰਦੇ ਇਜਾਜ਼ਤ ਖੁਦ ਨੂੰ ਆਪਣੇ ਜੀਵਨ ਨੂੰ ਮਨਣ ਦੀ
* ਘੱਟ ਤੋ ਘੱਟ ਇਕ ਵਾਰ, ਕਿਸੀ ਸਮਝਦਾਰ ਦੀ ਸਲਾਹ,
* ਤਦੋ ਅਸੀ ਹੌਲੀ-ਹੌਲੀ ਮਰਨ ਲਗਦੇ ਹਾਂ।


**ਹਰਪ੍ਰੀਤ ਕੌਰ ਪੇਲੀਆ**
**ਜਨਰਲ ਸਕੱਤਰ**
**98763-58250**




# 'ਸਾਚਾ ਗੁਰੂ ਲਾਧੋ ਰੇ'



ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ ਰੱਖੜ ਪੁੰਨਿਆਂ ਦਾ ਇਤਿਹਾਸਕ ਦਿਹਾੜਾ ਰੱਖੜ ਪੁੰਨਿਆਂ 'ਸਾਚਾ ਗੁਰੂ ਲਾਧੋ ਰੇ' ਦੇ ਨਾਮ 'ਤੇ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਅਤੇ ਸਾਰੇ ਸੰਸਾਰ ਦੇ ਗੁਰੂ ਘਰਾਂ ਵਿਚ ਮਨਾਇਆ ਜਾ ਰਿਹਾ ਹੈ। ਰੱਖੜ ਪੁੰਨਿਆਂ ਮੌਕੇ ਬਾਬਾ ਬਕਾਲਾ ਵਿਚ ਵੱਡੀਆਂ ਸਿਆਸੀ ਕਾਨਫਰੰਸਾਂ ਕਰਕੇ ਸਿਆਸੀ ਪਾਰਟੀਆਂ ਨੇ ਆਪਣੀ-ਆਪਣੀ ਤਾਕਤ ਦਾ ਪ੍ਰਗਟਾਵਾ ਕੀਤਾ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਅਕਾਲੀ ਦਲ ਮਾਨ ਅਤੇ ਆਮ ਆਦਮੀ ਪਾਰਟੀ ਆਦਿ ਨੇ ਇਸ ਧਾਰਮਿਕ ਸਮਾਗਮ ਦਾ ਸਿਆਸੀ ਲਾਹਾ ਲੈਂਦੇ ਹੋਏ ਇਕ ਦੂਜੇ 'ਤੇ ਬੜੇ ਤਿੱਖੇ ਸ਼ਬਦੀ ਤੀਰ ਚਲਾਏ। ਮੁੱਖ ਵਿਸ਼ਾ ਜਸਟਿਸ ਰਣਜੀਤ ਸਿੰਘ ਵੱਲੋਂ ਜਾਰੀ ਕੀਤੀ ਜਾਂਚ ਰਿਪੋਰਟ ਹੀ ਸੀ।


**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**




ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਨੂੰ ਸਮਰਪਿਤ 'ਸਾਚਾ ਗੁਰੂ ਲਾਧੋ ਰੇ ਦਿਵਸ' ਸਾਲਾਨਾ ਜੋੜ ਮੇਲਾ ਬੜੇ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਸਨ। ਇਤਿਹਾਸ ਦੱਸਦਾ ਹੈ ਕਿ ਕੀਰਤਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਜਦੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦਾ ਸਮਾਂ ਨੇੜੇ ਜਾਣਿਆ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ ਤੁਸੀਂ ਮਾਤਾ ਜੀ ਅਤੇ ਆਪਣੇ ਮਹਿਲਾਂ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਜਾਣਾ। ਪਿਤਾ ਦਾ ਆਦੇਸ਼ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਨਾਨਕੀ ਅਤੇ ਆਪਣੇ ਮਹਿਲ ਮਾਤਾ ਗੁਜਰੀ ਨੂੰ ਲੈ ਕੇ ਬਕਾਲੇ ਪਿੰਡ ਪਹੁੰਚ ਗਏ। ਇਥੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰੇ ਵਿਚ ਬੈਠ ਕੇ ਤਪੱਸਿਆ ਆਰੰਭ ਕਰ ਦਿੱਤੀ। ਸਵੇਰੇ ਅਤੇ ਸ਼ਾਮ ਸਤਿਗੁਰੂ ਥੋੜ੍ਹੇ ਸਮੇਂ ਲਈ ਭੋਰੇ 'ਚੋਂ ਬਾਹਰ ਆਉਂਦੇ ਸਨ। ਉਹ ਬਹੁਤਾ ਸਮਾਂ ਅਕਾਲ ਪੁਰਖ ਦੇ ਚਰਨਾਂ ਵਿਚ ਲਿਵ ਜੋੜ ਕੇ ਸਿਮਰਨ ਵਿਚ ਲੀਨ ਰਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਪਵਿੱਤਰ ਅਸਥਾਨ 'ਤੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕਰਕੇ ਆਉਣ ਵਾਲੇ ਸਮੇਂ ਬਾਰੇ ਸਾਰਾ ਪ੍ਰੋਗਰਾਮ ਉਲੀਕਿਆ। ਉਧਰ ਦਿੱਲੀ ਵਿਖੇ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦੀ ਤਿਆਰੀ ਕੀਤੀ ਹੋਈ ਸੀ। ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਪਾਤਿਸ਼ਾਹ, ਪਹਿਲੇ ਗੁਰੂ ਜੀ ਜਦੋਂ ਚੋਲਾ ਛੱਡਦੇ ਸੀ, ਉਸੇ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ, ਆਪ ਜੀ ਕ੍ਰਿਪਾ ਕਰਕੇ ਦੱਸੋ ਸੰਗਤ ਕਿੱਥੇ ਜਾਵੇ। ਸਾਨੂੰ ਕਿਸਦੇ ਲੜ ਲਾ ਚੱਲੇ ਹੋ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵੱਲ ਦਾ ਰੁਖ਼ ਕਰਕੇ ਕਿਹਾ ਸੀ ਕਿ 'ਬਾਬਾ ਵਸੈ ਬਕਾਲੇ'। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੇ ਬਕਾਲੇ ਨਗਰ ਵੱਲ ਰੁਖ਼ ਕੀਤਾ। ਉਧਰ ਗੁਰੂ ਦੇ ਦੋਖੀਆਂ ਨੂੰ ਜਦੋਂ ਪਤਾ ਲੱਗਾ ਕਿ ਅੱਠਵੇਂ ਪਾਤਿਸ਼ਾਹ 'ਬਾਬੇ ਬਕਾਲੇ' ਦਾ ਬਚਨ ਕਰਕੇ ਪ੍ਰਲੋਕ ਨੂੰ ਗਮਨ ਕਰ ਗਏ ਹਨ, ਤਾਂ ਉਨ੍ਹਾਂ ਵੀ ਜਿਨ੍ਹਾਂ ਵਿਚ ਧੀਰ ਮੱਲੀਏ, ਰਾਮ ਰਾਈਏ ਅਤੇ ਸ਼ੀਹੇਂ ਮਸੰਦ ਵਰਗੇ ਭੇਖੀ ਗੁਰੂਆਂ ਨੇ ਆ ਕੇ ਬਕਾਲੇ ਨਗਰ ਡੇਰੇ ਲਾ ਲਏ ਅਤੇ 22 ਮੰਜੀਆਂ ਭਾਵ ਕਿ ਬਾਈ ਗੁਰੂ ਬਣ ਕੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਦੋਹੇਂ ਹੱਥੀਂ ਲੁੱਟਣ ਲੱਗ ਪਏ। ਉਧਰ ਮੱਖਣ ਸ਼ਾਹ ਲੁਬਾਣਾ, ਜੋ ਬਹੁਤ ਵੱਡਾ ਸ਼ਾਹੂਕਾਰ ਸੀ, ਬੇੜਿਆਂ ਵਿਚ ਸਾਮਾਨ ਲੱਦ ਕੇ ਦੂਸਰੇ ਦੇਸ਼ਾਂ ਨੂੰ ਭੇਜਦਾ ਸੀ, ਬੇੜੇ ਵਿਚ ਸਾਮਾਨ ਲੱਦ ਕੇ ਲੈ ਕੇ ਜਾ ਰਿਹਾ ਸੀ, ਕਿ ਉਸ ਦਾ ਜਹਾਜ਼ ਸਮੁੰਦਰ ਵਿਚ ਡੱਕੋ-ਡੋਲੇ ਖਾਣ ਲੱਗ ਪਿਆ। ਉਸ ਦੇ ਬੇੜੇ (ਜਹਾਜ਼) ਵਿਚ ਗੁਰੂ ਨਾਨਕ ਦਾ ਇਕ ਸਿੱਖ ਬੈਠਾ ਸੀ, ਕਹਿਣ ਲੱਗਾ, ਗੁਰੂ ਨਾਨਕ ਸਾਹਿਬ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਥਉ'। ਤੂੰ ਗੁਰੂ ਨਾਨਕ ਦੇ ਘਰ ਦੀ ਅਰਾਧਨਾ ਤੱਕ, ਤੇਰਾ ਬੇੜਾ ਬੰਨੇ ਲੱਗ ਜਾਵੇਗਾ। ਇਹ ਬਚਨ ਸੁਣ ਕੇ ਮੱਖਣ ਸ਼ਾਹ ਨੇ ਗਲ ਵਿਚ ਪੱਲਾ ਪਾ ਕੇ ਗੁਰੂ ਨਾਨਕ ਦੇ ਦਰ 'ਤੇ ਅਰਦਾਸ ਕੀਤੀ। ਪਾਤਿਸ਼ਾਹ ਮੇਰਾ ਬੇੜਾ ਬੰਨੇ ਲਾ ਦਿਉ ਮੈਂ ਆਪਦੇ ਦਰ 'ਤੇ ਪੰਜ ਸੌ ਮੋਹਰਾਂ ਭੇਟ ਚੜ੍ਹਾਵਾਂਗਾ। ਮੱਖਣ ਸ਼ਾਹ ਦੀ ਅਰਦਾਸ ਪ੍ਰਵਾਨ ਹੋਈ, ਬੇੜਾ ਬੰਨੇ ਲੱਗ ਗਿਆ। ਸੁੱਖੀ ਸਾਂਦੀਂ ਘਰ ਪਹੁੰਚਿਆ। ਪਤਾ ਕੀਤਾ ਗੁਰੂ ਨਾਨਕ ਦੀ ਗੱਦੀ 'ਤੇ ਇਸ ਵਕਤ ਕੌਣ ਹੈ। ਪਤਾ ਲੱਗਿਆ ਕਿ ਅੱਠਵੇਂ ਪਾਤਿਸ਼ਾਹ ਨੇ ਕਿਹਾ ਸੀ 'ਬਾਬਾ ਵਸੈ ਬਕਾਲੇ' ਮੱਖਣ ਸ਼ਾਹ ਆਪਣੇ ਸੰਗੀਆਂ-ਸਾਥੀਆਂ ਨੂੰ ਲੈ ਕੇ ਪਰਿਵਾਰ ਸਮੇਤ ਆਪਣੀ ਸੁੱਖੀ ਹੋਈ ਸੁੱਖਣਾ ਲਾਹੁਣ ਵਾਸਤੇ ਬਕਾਲੇ ਨਗਰ ਪਹੁੰਚ ਗਿਆ। ਕੀ ਦੇਖਦਾ ਹੈ ਕਿ ਇਥੇ ਬਾਈ

ਮੰਜੀਆਂ ਡਾਹ ਕੇ ਬੈਠੇ ਹੋਏ ਹਨ। ਕੋਈ ਕਹਿੰਦਾ ਮੈਂ ਸੱਚਾ ਗੁਰੂ ਹਾਂ, ਕੋਈ ਕਹਿੰਦਾ ਮੈਂ ਹਾਂ, ਕੋਈ ਪਤਾ ਨਹੀਂ ਸੀ ਲੱਗਦਾ, ਭੰਬਲ-ਭੂਸਾ ਪਿਆ ਹੋਇਆ ਸੀ। ਭੋਲੀ-ਭਾਲੀ ਸੰਗਤ ਨੂੰ ਇਹ ਦੰਭੀ ਪਖੰਡੀ ਲੁੱਟੀ ਜਾ ਰਹੇ ਸਨ। ਮੱਖਣ ਸ਼ਾਹ ਨੇ ਸੋਚਿਆ ਕੋਈ ਤਰਕੀਬ ਲੜਾਈ ਜਾਵੇ। ਵਪਾਰੀ ਪੁੱਤ ਸੀ, ਮਨ ਵਿਚ ਆਈ ਕਿ ਸਾਰਿਆਂ ਨੂੰ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਨਾਂ ਹਾਂ, ਜਿਹੜਾ ਸੱਚਾ ਹੋਵੇਗਾ ਆਪੇ ਪੰਜ ਸੌ ਮੋਹਰਾਂ ਮੰਗ ਲਵੇਗਾ। ਸੋ, ਇਸੇ ਤਰ੍ਹਾਂ ਹੀ ਕੀਤਾ, ਪਰ ਮੱਖਣ ਸ਼ਾਹ ਵਲੋਂ ਸੁੱਖੀ ਹੋਈ ਸੁੱਖਣਾ ਕਿਸੇ ਨੇ ਵੀ ਨਾ ਮੰਗੀ। ਹਾਰ ਕੇ ਮੱਖਣ ਸ਼ਾਹ ਨੇ ਉਥੇ ਪੁੱਛਿਆ ਕਿ ਇਨ੍ਹਾਂ ਤੋਂ ਬਿਨਾਂ ਇਥੇ ਕੋਈ ਹੋਰ ਵੀ ਗੁਰੂ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਤੇਗ ਬਹਾਦਰ ਵੀ ਹਨ, ਪਰ ਉਹ ਜ਼ਿਆਦਾ ਸਮਾਂ ਭੋਰੇ ਵਿਚ ਹੀ ਰਹਿੰਦੇ ਹਨ ਤੇ ਬਾਹਰ ਘੱਟ ਹੀ ਨਿਕਲਦੇ ਹਨ। ਉਨ੍ਹਾਂ ਤੋਂ ਟਿਕਾਣਾ ਪੁੱਛਿਆ। ਆ ਕੇ ਮਾਤਾ ਨਾਨਕੀ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਦੂਰੋਂ ਆਇਆ ਹਾਂ, ਤੇਗ ਬਹਾਦਰ ਦੇ ਦਰਸ਼ਨ





ਕਰਨੇ ਹਨ। ਮਾਤਾ ਜੀ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਮੱਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਦਰਸ਼ਨ ਕਰਵਾਏ ਤਾਂ ਸਤਿਗੁਰੂ ਜੀ ਦਾ ਨੂਰਾਨੀ ਚੇਹਰਾ ਦੇਖ ਕੇ ਮਨ ਨੂੰ ਧਰਵਾਸ ਬੱਝਿਆ। ਪੰਜ ਮੋਹਰਾਂ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲੱਗੇ, ਮੱਖਣ ਸ਼ਾਹ ਗੁਰੂ ਘਰ ਮਾਇਆ ਦੀ ਕੋਈ ਘਾਟ ਨਹੀਂ ਹੈ, ਪਰ ਗੁਰਸਿੱਖਾ ਜਿਹੜਾ ਵਾਅਦਾ ਕਰੀਏ, ਉਹ ਪੂਰਾ ਨਿਭਾਈਦਾ ਹੈ। ਇਹ ਬਚਨ ਸੁਣ ਕੇ ਮੱਖਣ ਸ਼ਾਹ ਗਦ-ਗਦ ਹੋ ਗਿਆ। ਕਹਿਣ ਲੱਗਾ ਸਤਿਗੁਰੂ ਆਪ ਜੀ ਭੋਰੇ ਵਿਚ ਲੁਕ ਕੇ ਬੈਠੇ ਹੋ, ਉਧਰ ਪਖੰਡੀ ਗੁਰੂ ਭੋਲੀ-ਭਾਲੀ ਸੰਗਤ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ। ਕ੍ਰਿਪਾ ਕਰੋ ਸਤਿਗੁਰੂ ਜੀ ਪ੍ਰਗਟ ਹੋਵੋ। ਸੰਗਤਾਂ ਨੂੰ ਤਾਰੋ। ਮੱਖਣ ਸ਼ਾਹ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ 'ਸਾਚਾ ਗੁਰੂ ਲਾਧੋ ਰੇ' 'ਸਾਚਾ ਗੁਰੂ ਲਾਧੋ ਰੇ' ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ। ਆਪੇ ਬਣੇ ਝੂਠੇ ਗੁਰੂਆਂ ਨੂੰ ਭੱਜਣ ਦਾ ਰਾਹ ਨਾ ਲੱਭਾ। ਸੰਗਤਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਉਸ ਪਵਿੱਤਰ ਯਾਦ ਨੂੰ ਸਮਰਪਿਤ ਹੀ ਬਾਬਾ ਬਕਾਲਾ ਸਾਹਿਬ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਐਤਕੀਂ ਵੀ ਇਹ ਦਿਹਾੜਾ 25-26-27 ਅਗਸਤ ਨੂੰ ਗੁ: ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਪਹਿਲਾਂ ਇਸ ਮੇਲੇ ਨੂੰ ਬਤੌਰ ਰੱਖੜ ਪੁੰਨਿਆਂ ਦੇ ਤੌਰ 'ਤੇ ਮਨਾਇਆ ਜਾਂਦਾ ਸੀ, ਪਰ ਰੱਖੜੀ ਦਾ ਕਿਤੇ ਵੀ ਸਿੱਖ ਇਤਿਹਾਸ ਜਾਂ ਬਾਬਾ ਬਕਾਲਾ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਇਤਿਹਾਸ ਨਹੀਂ ਜੁੜਿਆ। ਸੋ ਸ਼੍ਰੋਮਣੀ ਕਮੇਟੀ ਅਤੇ ਸੰਗਤਾਂ ਵਲੋਂ ਹੁਣ ਇਸ ਨੂੰ 'ਸਾਚਾ ਗੁਰੂ ਲਾਧੋ ਰੇ' ਦਿਵਸ ਦੇ ਤੌਰ 'ਤੇ ਮਨਾਇਆ ਜਾਣ ਲੱਗ ਪਿਆ ਹੈ।

# ਆਪੁ ਸਵਾਰਹਿ ਮੈ ਮਿਲਹਿ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਆਪ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ॥**
**ਫ਼ਰੀਦਾ ਜੇ ਤੂ ਮੇਰਾ ਹੋਇ॥ ਰਹਹਿ, ਸਭੁ ਜਗੁ ਤੇਰਾ ਹੋਇ॥੯੫॥**

**(ਸਲੋਕ ਫ਼ਰੀਦ ਪੰਨਾ 1382)**

ਜਗਤ ਦਾ ਹਰ ਬੰਦਾ ਜਗਤ ਨੂੰ ਸਵਾਰਨ ਵਾਸਤੇ ਲੱਗਾ ਹੋਇਆ ਹੈ, ਕੋਈ ਵੀ ਬੰਦਾ ਐਸਾ ਨਹੀਂ ਕਹੇਗਾ ਕਿ ਮੈਂ ਜਗਤ ਨੂੰ ਵਿਗਾੜ ਰਿਹਾ ਹਾਂ। ਹਰ ਬੰਦਾ ਸੋਚਦਾ ਹੈ ਕਿ ਇਹ ਜਗਤ ਵਿਗੜਿਆ ਹੈ ਅਤੇ ਮੇਰੇ ਆਉਣ ਤੋਂ ਪਹਿਲੇ ਦਾ ਵਿਗੜਿਆ ਹੈ। ਇਹ ਦੋਸ਼ ਹੈ ਉਨ੍ਹਾਂ ਬੰਦਿਆਂ ਦਾ ਜੋ ਮੇਰੇ ਪੂਰਵਜ ਹਨ, ਆਪਣੇ ਤੋਂ ਪਹਿਲਿਆਂ ਨੂੰ ਕੋਈ ਮੁਆਫ਼ ਨਹੀਂ ਕਰਦਾ। ਜਨਮੇਜੇ ਵਰਗਾ ਰਾਜਾ, ਜਿਸ ਦੇ ਕੋਲ ਵਿਆਸ ਰਿਸ਼ੀ ਵਰਗਾ ਵਕਤਾ ਕਥਾ ਸੁਣਾ ਕੇ ਜੀਵਨ ਜਾਚ ਸਿਖਾ ਰਿਹਾ ਹੈ, ਉਸ ਨੂੰ ਪਾਂਡਵਾਂ ਨਾਲ ਜੋ ਹੋਇਆ, ਉਹ ਸਾਰਾ ਹਾਲ ਸੁਣਾ ਰਿਹਾ ਸੀ। ਪ੍ਰਸਿੱਧ ਸਾਖੀ ਹੈ ਕਿ ਜਨਮੇਜੇ ਨੇ ਕਹਿ ਦਿੱਤਾ ਮੇਰੇ ਵੱਡੇ ਅਕਲਮੰਦ ਨਹੀਂ ਸਨ।



ਅਰਜਨ ਦਾ ਪੜਪੋਤਰਾ ਸੀ ਜਨਮੇਜਾ, ਪਿਤਰਾਂ ਪ੍ਰਤਿ ਮਨ ਵਿੱਚ ਵਿਰੋਧ ਸੀ ਪਰ ਵਿਆਸ ਰਿਸ਼ੀ ਦੇ ਸਭ ਕੁਝ ਦੱਸ ਦੇਣ 'ਤੇ ਇਸ ਨੇ ਆਪ ਗਲਤੀਆਂ ਕੀਤੀਆਂ। ਇਹ ਕਥਾ ਵਿਸਥਾਰ ਪੂਰਵਕ ਦਸਮ ਗ੍ਰੰਥ ਵਿੱਚ ਦਰਜ ਹੈ। ਮੇਰੇ ਲਿਖਣ ਤੋਂ ਭਾਵ ਹੈ ਕਿ ਹਰ ਬੰਦਾ ਦੂਸਰੇ ਨੂੰ ਸਵਾਰ ਰਿਹਾ ਹੈ ਪਰ ਜਗਤ ਦਿਨੋ-ਦਿਨ ਕਰੂਪ ਹੁੰਦਾ ਜਾ ਰਿਹਾ ਹੈ, ਜਗਤ ਦਿਨੋ-ਦਿਨ ਵਿਗੜਦਾ ਜਾ ਰਿਹਾ ਹੈ। ਇਸ ਦਾ ਕਾਰਨ ਇਕੋ ਹੈ ਕਿ ਜਗਤ ਨੂੰ ਉਹ ਬੰਦੇ ਸਵਾਰ ਰਹੇ ਹਨ ਜੋ ਆਪ ਨਹੀਂ ਸਵਰੇ। ਜੋ ਆਪ ਹੀ ਬੇਕਾਰ ਹਨ ਉਹ ਜਗਤ ਨੂੰ ਚੰਗੀ ਕਾਰ ਕੀ ਸਿਖਾਉਣਗੇ। ਇਹ ਸੱਚ ਹੈ ਤੇ ਸ਼ੰਕੇ ਦੀ ਕੋਈ ਗੁੰਜਾਇਸ਼ ਨਹੀਂ ਕਿ ਜਿਹੜੇ ਬੰਦੇ ਬਿਲਕੁਲ ਬੇਕਾਰ ਹਨ, ਕਿਸੇ ਕੰਮ ਦੇ ਨਹੀਂ, ਜਗਤ ਦੇ ਬਾਜ਼ਾਰ ਵਿੱਚ ਜਿਨ੍ਹਾਂ ਬੰਦਿਆਂ ਦਾ ਦੋ ਕੌਡੀਆਂ ਮੁੱਲ ਨਹੀਂ ਅਤੇ ਧਾਰਮਿਕ ਅਨੁਭਵ ਵੀ ਕੋਈ ਨਹੀਂ, ਧਰਮ ਤਾਂ ਕੀ ਕਮਾਉਣਾ ਹੈ, ਜਿਹੜੇ ਰੋਟੀ ਕਰਕੇ ਵੀ ਦੂਸਰਿਆਂ ਦੇ ਦਰ 'ਤੇ ਨਿਤ ਹੀ ਸੁਆਲੀ ਹਨ, ਉਨ੍ਹਾਂ ਬੰਦਿਆਂ ਦਾ ਦਾਅਵਾ ਹੈ ਕਿ ਅਸੀਂ ਜਗਤ ਸਵਾਰ ਰਹੇ ਹਾਂ। ਜਿਹੜੇ ਬੰਦੇ, ਮਹਾਨ ਅਪਰਾਧੀ, ਮਹਾਨ ਵਿਕਾਰੀ ਅਤੇ ਮਨੁੱਖਤਾ 'ਤੇ ਕਲੰਕ ਹਨ ਉਹ ਵੀ ਜਗਤ ਦਾ ਉਧਾਰ ਕਰ ਰਹੇ ਹਨ। ਮੁੱਕਦੀ ਗੱਲ ਕਿ ਬੁੱਧੂ ਤੋਂ ਬੁੱਧੂ ਬੁਧੀਹੀਣ ਮਨੁੱਖ ਅਤੇ ਚਤੁਰ ਤੋਂ ਚਤੁਰ ਸਿਰੇ ਦੇ ਲੁਟੇਰੇ ਬੰਦੇ, ਸਭ ਜਗਤ ਦੇ ਉਧਾਰ ਵਾਸਤੇ ਲੱਗੇ ਹੋਏ ਹਨ। ਭਾਵੇਂ ਕਿੰਨਾ ਮਜ਼ਬੂਤ ਤੇ ਸੁੰਦਰ ਘਰ ਕਿਉਂ ਨਾ ਹੋਵੇ, ਜਿਸ ਨੂੰ ਚਾਰ ਚੁਫੇਰਿਉਂ ਲੋਕ ਢਾਹ ਰਹੇ ਹੋਣ ਉਸ ਘਰ ਦੀ ਰੌਣਕ ਕਿੰਨਾ ਕੁ ਚਿਰ ਰਹਿ ਸਕਦੀ ਹੈ। ਕਿਤਨਾ ਖੂਬਸੂਰਤ ਰੁੱਖ ਕਿਉਂ ਨਾ ਹੋਵੇ ਜਿਸ ਨੂੰ ਚਾਰ ਚੁਫੇਰਿਉਂ ਕੱਟਣ ਵਾਲੇ ਲੱਗੇ ਹੋਣ ਤੇ ਦਾਅਵਾ ਇਹ ਹੋਵੇ ਕਿ ਇਸ ਰੁੱਖ ਨੂੰ ਕੱਟ-ਕੱਟ ਕੇ ਸੋਹਣਾ ਬਣਾ ਰਹੇ ਹਾਂ, ਉਹ ਰੁੱਖ ਕਿੰਨਾ ਕੁ ਚਿਰ ਜ਼ਿੰਦਾ ਰਹਿ ਸਕੇਗਾ। ਇਹੀ ਹਾਲਤ ਇਸ ਜਗਤ ਦੀ ਹੋਈ ਹੈ। ਬੰਦਾ ਸਵਾਰਨ ਦੇ ਬਹਾਨੇ ਇਸ ਜਗਤ-ਰੁੱਖ ਦੀ ਕੋਈ ਜੜ੍ਹ ਕੱਟ ਦੇਂਦਾ ਹੈ। ਜੜ੍ਹਾਂ ਕੱਟ ਕੇ ਬੇਸ਼ਕ ਪਾਣੀ ਵੀ ਪਾਈ ਜਾਉ ਜੜ੍ਹਾਂ ਕੱਟਿਆਂ ਰੁੱਖ ਜ਼ਿੰਦਾ ਨਹੀਂ ਰਹਿ ਸਕੇਗਾ। ਇਕ ਸੱਜਣ ਦੀ ਗਊ ਬੀਮਾਰ ਸੀ, ਦੂਸਰੇ ਨੇ ਦਵਾਈ ਦੱਸ ਦਿੱਤੀ। ਕਾਫੀ ਚੀਜ਼ਾਂ ਮਿਲਾ ਕੇ ਕਾੜ੍ਹਾ ਬਣਾ ਕੇ ਦੇਣਾ ਸੀ ਦੇ ਦਿਤਾ, ਗਾਂ ਮਰ ਗਈ। ਉਹ ਲੋਹਾ ਲਾਖਾ ਹੋਇਆ। ਦਵਾ ਦੱਸਣ ਵਾਲੇ ਕੋਲ ਪੁੱਜਾ ਤੇ ਪੁੱਛਿਆ ਕਿ ਤੂੰ ਮੇਰੇ ਨਾਲ ਕੀ ਵੈਰ ਲਿਆ ਹੈ। ਤੇਰੀ ਦੱਸੀ ਦਵਾ ਨਾਲ ਮੇਰੀ ਗਾਂ ਮਰ ਗਈ ਹੈ। ਉਹ ਅੱਗੋਂ ਬੜਾ ਪ੍ਰਸੰਨ ਹੋ ਕੇ ਕਹਿਣ ਲੱਗਾ ਕੋਈ ਫ਼ਿਕਰ ਵਾਲੀ ਗੱਲ ਨਹੀਂ ਏਸੇ ਦਵਾਈ ਨਾਲ ਮੇਰੀ ਵੀ ਗਾਂ ਮਰੀ ਸੀ।

ਜਿਹੜੀਆਂ ਗਲਤੀਆਂ ਤੋਂ ਬੰਦੇ ਨੇ ਆਪ ਦੁੱਖ ਪਾਇਆ ਹੈ ਉਹੀ ਗਲਤੀਆਂ ਬੰਦਾ ਦੂਸਰੇ ਬੰਦੇ ਨੂੰ ਸਮਝਾ ਰਿਹਾ ਹੈ ਅਤੇ ਉਪਦੇਸ ਰੂਪ ਵਿਚ ਸਮਝਾ ਰਿਹਾ ਹੈ। ਜਿਨ੍ਹਾਂ ਗੱਲਾਂ ਨੇ ਤੇਰਾ ਕੁਛ ਨਹੀਂ ਸਵਾਰਿਆ ਤੇਰਾ ਵਕਤ ਖ਼ਾਰਬ ਹੋਇਆ ਹੈ ਜਾਂ ਜਿਨ੍ਹਾਂ ਗੱਲਾਂ ਨੇ ਤੈਨੂੰ ਬਰਬਾਦ ਕੀਤਾ ਹੈ, ਈਮਾਨਦਾਰ ਬੰਦੇ ਨੂੰ ਚਾਹੀਦਾ ਹੈ ਘੱਟੋ-ਘੱਟ ਉਨ੍ਹਾਂ ਗੱਲਾਂ ਤੋਂ ਦੂਸਰੇ ਬੰਦੇ ਨੂੰ ਆਗਾਹ ਕਰੇ, ਕਿ ਵੀਰ ਇਨ੍ਹਾਂ ਗੱਲਾਂ ਕਰਕੇ ਮੈਂ ਦੁੱਖ ਪਾਇਆ ਹੈ, ਤੂੰ ਬਚ ਕੇ ਰਹੀਂ। ਪਰ ਬੰਦਾ ਸੋਚਦਾ ਹੈ ਕਿ ਜੇ ਮੈਂ ਦੁਖੀ ਹੋਇਆ ਹਾਂ ਤਾਂ ਦੂਸਰਾ ਸੁਖੀ ਕਿਉਂ ਰਹੇ। ਇਹ ਮੇਰੇ ਨਾਲੋਂ ਹਜ਼ਾਰ ਗੁਣਾ ਜ਼ਿਆਦਾ ਦੁਖੀ ਹੋਵੇ। ਮੈਂ ਇਕ ਬੱਚੇ ਨੂੰ ਵੇਖਿਆ ਸੀ ਜਿਸ ਦੀ ਉਮਰ ਛੇ ਕੁ ਸਾਲ ਦੀ ਹੋਵੇਗੀ ਉਹ ਰਸਤੇ ਵਿੱਚ ਕੰਡੇ ਗੱਡ ਰਿਹਾ ਸੀ। ਲੰਮੀਆਂ-ਲੰਮੀਆਂ ਸੂਲਾਂ ਇਕ ਮੋਹੜੀ ਨਾਲੋਂ ਤੋੜ ਕੇ ਇਕੱਠੀਆਂ ਕੀਤੀਆਂ ਸਨ। ਕੱਚੇ ਰਸਤੇ ਵਿੱਚ ਛੋਟਾ ਜਿਹਾ

ਰਸਤਾ ਸੀ ਜਿਸ ਵਿੱਚ ਉਹ ਸੂਲਾਂ ਗੱਡ ਰਿਹਾ ਸੀ। ਮੇਰੀ ਨਜ਼ਰੀ ਪਿਆ। ਉਸ ਨੂੰ ਪੁੱਛਿਆ ਕਿ ਇਹ ਤੂੰ ਕੀ ਕਰ ਰਿਹਾ ਹੈਂ। ਉਸ ਨੇ ਬੜਾ ਨਿੱਡਰ ਹੋ ਕੇ ਕਿਹਾ ਇਥੋਂ ਦੁੱਧ ਵੇਚਣ ਵਾਲੇ ਦੋਧੀ ਸਾਈਕਲਾਂ 'ਤੇ ਜਾਂਦੇ ਹਨ ਉਨ੍ਹਾਂ ਦੇ ਸਾਈਕਲ ਦੇ ਟਾਇਰ ਵਿੱਚ ਕੰਡਾ ਵੱਜ ਕੇ ਹਵਾ ਨਿਕਲੇਗੀ। ਮੈਂ ਪੁੱਛਿਆ ਤੂੰ ਖੁਸ਼ ਹੋਵੇਂਗਾ, ਉਸ ਬੱਚੇ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਕਿਹਾ ਮੈਂ ਬੜਾ ਖੁਸ਼ ਹੁੰਦਾ ਹਾਂ। ਮੈਂ ਸੋਚ ਰਿਹਾ ਹਾਂ ਮੈਂ ਸੋਚ ਰਿਹਾ ਸਾਂ ਕਿ ਹੇ ਅਕਾਲ ਪੁਰਖ ਤੂੰ ਇਸ ਨੂੰ ਮਨੁੱਖਾ ਜਨਮ ਦਿੱਤਾ ਹੈ ਪਰ ਜਾਪਦਾ ਹੈ ਇਹ ਮਨੁੱਖ ਸਾਰੀ ਉਮਰ ਮਨੁੱਖਾਂ ਦੇ ਰਸਤੇ ਵਿੱਚ ਕੰਡੇ ਹੀ ਵਿਛਾਏਗਾ।

ਮੈਂ ਸੁਣਿਆ ਹੈ ਕਿ ਇਕ ਸ਼ਾਹ ਕੋਲ ਇਕ ਮਨੁੱਖ ਨੇ ਆਪਣੇ ਘਰ ਵਾਲੀ ਦੇ ਕੁਝ ਜ਼ੇਵਰ ਗਹਿਣੇ ਰੱਖ ਦਿੱਤੇ। ਵਾਪਸੀ ਦਾ ਸਮਾਂ ਨਿਸ਼ਚਿਤ ਸੀ ਪਰ ਉਹ ਪੈਸੇ ਦਾ ਪ੍ਰਬੰਧ ਕਰ ਨਹੀਂ ਸਕਿਆ। ਸ਼ਾਹ ਵੀ ਚਾਹੁੰਦਾ ਸੀ ਸ਼ਿਕਾਰ ਹੱਥ ਆਇਆ ਹੈ ਜਿੰਨਾ ਹੋ ਸਕਦਾ ਹੈ ਹਜ਼ਮ ਕਰ ਜਾਵਾਂ। ਉਸ ਨੇ ਕਹਿ ਦਿੱਤਾ ਕਿ ਜੇ ਤੂੰ ਸਵੇਰੇ ਪੈਸੇ ਨਾ ਦਿੱਤੇ ਤਾਂ ਮੈਂ ਤੈਨੂੰ ਜ਼ੇਵਰ ਨਹੀਂ ਦਿਆਂਗਾ। ਆਪਣੀ ਮਰਜ਼ੀ ਨਾਲ ਵੇਚ ਕੇ ਜੋ ਤੇਰਾ ਬਚਿਆ ਤੈਨੂੰ ਦਿਅੰਗਾ। ਇਸ ਬੰਦੇ ਨੂੰ ਰਾਤ ਨੀਂਦ ਨਾ ਆਈ ਅਤੇ ਅੱਧੀ ਰਾਤ ਸ਼ਾਹ ਦਾ ਦਰਵਾਜ਼ਾ ਖੜਕਾ ਦਿੱਤਾ। ਸ਼ਾਹ ਉੱਠਿਆ। ਉਸ ਨੇ ਸੋਚਿਆ ਕਿ ਪੈਸੇ ਦਾ ਪ੍ਰਬੰਧ ਹੋ ਗਿਆ ਹੋਵੇਗਾ ਇਹ ਦੇਣ ਵਾਸਤੇ ਆਇਆ ਹੈ। ਸ਼ਾਹ ਕਹਿਣ ਲੱਗਾ ਭਲੇ ਲੋਕਾਂ ਸਵੇਰੇ ਆ ਜਾਣਾ ਸੀ ਅੱਧੀ ਰਾਤ ਆ ਗਿਆ ਹੈਂ। ਸਵੇਰੇ ਆ ਕੇ ਪੈਸੇ ਦੇ ਜਾਂਦਾ ਜ਼ੇਵਰ ਲੈ ਜਾਂਦਾ। ਅੱਗੋਂ ਆਇਆ ਸੱਜਣ ਕਹਿਣ ਲੱਗਾ ਇਹ ਗੱਲ ਨਹੀਂ ਪੈਸੇ ਦਾ ਪ੍ਰਬੰਧ ਨਹੀਂ ਹੋ ਸਕਿਆ। ਮੈਂ ਤਾਂ ਇਹ ਕਹਿਣ ਆਇਆ ਹਾਂ ਕਿ ਕੁਝ ਦਿਨਾਂ ਦੀ ਮੁਹਲਤ ਹੋਰ ਦੇ ਦਿਉ। ਸ਼ਾਹ ਜੀ ਨਰਾਜ਼ ਹੋਏ ਤੇ ਕਹਿਣ ਲੱਗੇ ਤੂੰ ਇਹ ਗੱਲ ਅੱਧੀ ਰਾਤ ਕਹਿਣੀ ਸੀ। ਉਹ ਕਹਿਣ ਲੱਗਾ ਜੀ ਮੈਂ ਸੋਚਿਆ ਕਿ ਜੇ ਮੈਨੂੰ ਨੀਂਦ ਨਹੀਂ ਆ ਰਹੀ ਤਾਂ ਤੁਹਾਨੂੰ ਵੀ ਕਿਉਂ ਸੌਣ ਦਿਆਂ। ਦੋਵੇਂ ਹੀ ਰਲ ਕੇ ਜਾਗੀਏ। ਜੇ ਮੈਂ ਦੁਖੀ ਹਾਂ ਤਾਂ ਤੁਸੀਂ ਵੀ ਸੁਖ ਦੀ ਨੀਂਦਰ ਕਿਉਂ ਸੌਂ ਜਾਉ?

ਐਸਾ ਵੀ ਵੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਦੀ ਨੀਂਦਰ ਕਿਸੇ ਬੀਮਾਰੀ ਦੇ ਕਾਰਨ ਜਾਂਦੀ ਰਹੀ, ਜਿਹੜੇ ਬੰਦੇ ਪਾਗਲ ਹੋ ਗਏ ਉਹ ਬੰਦੇ ਵੀ ਰਾਤ ਦੂਸਰਿਆਂ ਨੂੰ ਨਹੀਂ ਸੌਣ ਦਿੰਦੇ। ਮੈਂ ਐਸੇ ਸੱਜਣਾਂ ਨੂੰ ਜਾਣਦਾ ਹਾਂ ਜਿਨ੍ਹਾਂ ਦਾ ਕੰਮ ਹੈ ਕਿ ਆਪ ਨੂੰ ਦਿਮਾਗੀ ਖ਼ਰਾਬੀ ਦੇ ਕਾਰਨ ਨੀਂਦ ਨਹੀਂ ਆਉਂਦੀ। ਇਕ ਵਜੇ ਰਾਤ ਉਠ ਕੇ ਲੋਕਾਂ ਨੂੰ ਫੋਨ ਕਰਨੇ ਸ਼ੁਰੂ ਕਰ ਦਿੰਦੇ ਹਨ। ਫਿਰ ਫੋਨ 'ਤੇ ਧਾਰਮਿਕ ਗੱਲਾਂ ਕਹਿੰਦੇ ਹਨ ਪਿਆਰਿਉ ਉਠੋ ਇਹ ਵੇਲਾ ਸੌਣ ਦਾ ਹੈ? ਉਠੋ ਨਾਮ ਜਪੋ। ਜੇ ਕਿਸੇ ਫੋਨ ਚੁੱਕਣ ਲੱਗਿਆਂ ਦੇਰੀ ਲਗਾਈ ਤਾਂ ਫਿਰ ਕਹਿਣਾ ਕਿ ਤੁਸੀਂ ਬੰਦੇ ਹੋ ਕਿ ਪਸ਼ੂ ਹੈ। ਜਦੋਂ ਇਲਾਜ ਨਾਲ ਉਹ ਬੰਦੇ ਠੀਕ ਹੋ ਗਏ ਫਿਰ ਉਹੀ ਬੰਦੇ ਸਾਰੀ ਦੁਨੀਆ ਦੇ ਉਠਣ ਤੋਂ ਬਾਅਦ ਉਠਦੇ ਰਹੇ। ਕਿਸੇ ਸੁੱਤੇ ਨੂੰ ਤਾਂ ਉਹ ਬੰਦਾ ਜਗਾਏ ਜਿਸ ਦਾ ਆਪਣਾ ਮਨ ਜਾਗਿਆ ਹੋਵੇ। ਜਿਹੜਾ ਬੰਦਾ ਰੱਬ ਦੇ ਪਿਆਰ ਵਿੱਚ ਜਾਗਿਆ ਹੋਵੇ, ਜਿਹੜਾ ਹਰਿ ਕੀਰਤਨ ਵਿੱਚ ਜਾਗਿਆ ਹੋਵੇ, ਜਿਸ ਨੂੰ ਅਨਦਿਨ ਹਰਿ ਲਿਵ ਲੱਗੀ ਹੋਵੇ, ਉਸ ਦੇ ਜਗਾਉਣ ਨਾਲ ਤਾਂ ਬੰਦੇ ਦੀ ਜਨਮਾਂ-ਜਨਮਾਂ ਦੀ ਸੁੱਤੀ ਤਕਦੀਰ ਵੀ ਜਾਗ ਜਾਵੇਗੀ। ਐਸੇ ਪੁਰਖ ਦੇ ਜਗਾਉਣ ਨਾਲ ਤਾਂ ਜਨਮ-ਜਨਮ ਕੀ ਸੋਈ ਜਾਗੀ ਵਾਲੀ ਬਖਸ਼ਸ਼ ਹੋਵੇਗੀ, ਪਰ ਬੀਮਾਰ ਬੰਦੇ ਦੇ ਜਗਾਉਣ ਨਾਲ ਤਾਂ ਲੋਕ ਸਿਰਫ ਬੀਮਾਰ ਹੀ ਹੁੰਦੇ ਹਨ। ਪਾਗਲ ਬੰਦਾ ਜਦੋਂ ਫੋਨ ਕਰਕੇ ਕਿਸੇ ਨੂੰ ਜਗਾ ਦੇਂਦਾ ਹੈ ਤਾਂ ਉਹ ਬੰਦਾ ਦੋ ਚਾਰ ਗਾਲ੍ਹੀਆਂ ਦੇ ਕੇ ਫਿਰ ਸੌਣ ਦਾ ਯਤਨ ਕਰਦਾ ਹੈ ਕਿ ਇਸ ਨੇ ਤਾਂ ਮੇਰੀ ਨੀਂਦ ਹੀ ਖਰਾਬ ਕਰ ਦਿੱਤੀ ਹੈ। ਮਨੁੱਖਤਾ ਦੇ ਮੰਦੇ ਭਾਗ ਹਨ ਕਿ ਜਗਤ ਨੂੰ ਸਵਾਰਨ ਵਾਲੇ ਆਗੂ ਉਹ ਮਿਲਦੇ ਰਹੇ ਹਨ ਜਿਹੜੇ ਆਪ ਰੋਗੀ ਸਨ। ਅੰਦਰੋਂ ਨਹੀਂ ਸਨ ਜਾਗੇ ਉਹ ਪਾਗਲ ਸਨ ਅਤੇ ਉਨ੍ਹਾਂ ਦੀ ਆਪਣੀ ਨੀਂਦ ਹਰਾਮ ਹੋਈ ਸੀ। ਐਸੇ ਬੰਦੇ ਜਗਤ ਨੂੰ ਸਵਾਰ ਰਹੇ ਹਨ ਤਾਂ ਜਗਤ ਦਾ ਕੀ ਸਵਰੇਗਾ? ਜਿਥੇ ਬੇਸਮਝ ਬੰਦਿਆਂ, ਬੇਕਾਰ ਬੰਦਿਆਂ ਜਾਂ ਪਾਗਲ ਬੰਦਿਆਂ ਦੇ ਹੱਥ ਵਿੱਚ ਸੁਧਾਰ ਦੀ ਜ਼ਿੰਮੇਵਾਰੀ ਆ ਜਾਏ ਉਸ ਜਗਤ ਦਾ ਜੋ ਹਾਲ ਹੋ ਸਕਦਾ ਹੈ, ਹੋਇਆ ਹੈ ਅਤੇ ਸਾਡੇ ਸਾਹਮਣੇ ਹੈ। ਜਿਨ੍ਹਾਂ ਬੰਦਿਆਂ ਨੂੰ ਆਪਣਾ ਮੂੰਹ ਧੋਣਾ ਨਹੀਂ ਆਉਂਦਾ, ਜਿਨ੍ਹਾਂ ਦੇ ਪਾਸ ਬੈਠਿਆਂ ਹੀ ਬਦਬੂ ਆਉਂਦੀ ਹੋਵੇ ਐਸੇ ਬੰਦੇ ਦੂਸਰਿਆਂ ਨੂੰ ਆਤਮਿਕ ਇਸ਼ਨਾਨ ਕਰਵਾ ਰਹੇ ਹਨ। ਜਿਨ੍ਹਾਂ ਬੰਦਿਆਂ 'ਚ ਇੰਨੀ ਯੋਗਤਾ ਵੀ ਨਹੀਂ ਕਿ ਕੋਈ ਕਿਰਤ ਕਰਕੇ ਆਪਣੇ ਲਈ ਦੋ ਰੋਟੀਆਂ ਹੀ ਕਮਾ ਸਕਣ ਉਹ ਬੰਦੇ ਦੂਸਰਿਆਂ ਦੀ ਜਨਮਾਂ-ਜਨਮਾਂ ਦੀ ਭੁੱਖ ਮਿਟਾ ਰਹੇ ਹਨ। ਜਿਹੜੇ ਬੰਦੇ ਰਾਤ ਦਿਨ ਆਪ ਪ੍ਰੇਸ਼ਾਨ ਹਨ ਉਹ ਦੂਸਰਿਆਂ ਨੂੰ ਸ਼ਾਂਤੀ ਪ੍ਰਦਾਨ ਕਰ ਰਹੇ ਹਨ। ਜੇਕਰ ਧਾਰਮਿਕ ਅਸਥਾਵਾਂ 'ਤੇ ਅਤੇ ਧਾਰਮਿਕ ਬੰਦਿਆਂ ਦੇ ਪਾਸ ਬੈਠ ਕੇ ਵੀ ਸ਼ਾਂਤੀ ਨਹੀਂ ਮਿਲਦੀ ਤਾਂ ਫਿਰ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੁਧਾਰ ਉਹ ਕਰ ਰਹੇ ਹਨ ਜਿਹੜੇ ਆਪ ਨਹੀਂ ਸਵਰੇ ਹੋਏ।

ਗੁਰੂ ਨਾਨਕ ਦੇਵ ਜੀ ਦਾ ਬਚਨ ਹੈ - ਜਿਹੜੇ ਬੰਦੇ ਮੁਰਸ਼ਦ ਹੋਣ ਦਾ ਦਾਅਵਾ ਕਰਦੇ ਹਨ, ਗੱਦੀ ਥਾਪ ਲੈਂਦੇ ਹਨ ਸੇਲੀ ਟੋਪੀ ਦੂਸਰੇ ਨੂੰ ਦੇਂਦੇ ਹਨ। ਉਹ ਕਮਲੇ ਹਨ ਝੱਲੇ ਹਨ। ਵੱਡੇ ਨਿਲੱਜ ਬੰਦੇ ਉਹ ਹਨ ਜਿਹੜੇ ਗੱਦੀ ਲੈਂਦੇ ਹਨ। ਇਨ੍ਹਾਂ ਦੀ ਹਾਲਤ ਤਾਂ ਇਉਂ ਹੈ ਜਿਵੇਂ ਕੋਈ ਚੂਹਾ ਆਪ ਤਾਂ ਖੁੱਡ ਵਿੱਚ ਨਾ ਸਮਾ ਸਕੇ ਪਰ ਲੱਗ ਨਾਲ ਛੱਜ ਬੰਨ੍ਹ ਲੈਂਦਾ ਹੈ ਭਾਵ ਇਹ ਹੈ ਕਿ ਜਿਹੜੇ ਬੰਦੇ ਆਪਣੇ ਜੋਗੇ ਨਹੀਂ ਉਹ ਦੂਸਰਿਆਂ ਦੀ ਵੀ ਜ਼ਿੰਮੇਵਾਰੀ ਚੁੱਕ ਲੈਂਦੇ ਹਨ। ਦੂਸਰਿਆਂ ਨੂੰ ਲੰਮੇ ਜੀਵਨ ਦੀਆਂ ਅਸੀਸਾਂ ਦੇਣ ਵਾਲੇ ਵੀ ਮਰ ਜਾਂਦੇ ਹਨ, ਦੂਸਰਿਆਂ ਨੂੰ ਲੰਮੇ ਜੀਵਨ ਦੀਆਂ ਅਸੀਸਾਂ ਦੇਣ ਵਾਲੇ ਵੀ ਮਰ ਜਾਂਦੇ ਹਨ, ਅਸੀਸਾਂ ਲੈਣ ਵਾਲੇ ਵੀ ਮਰ ਜਾਂਦੇ ਹਨ, ਪਰ ਪ੍ਰਮਾਤਮਾ ਦੀ ਰਜ਼ਾ ਬਾਰੇ, ਹੁਕਮ ਬਾਰੇ ਸਮਝਿਆ ਨਹੀਂ ਜਾ ਸਕਦਾ, ਕਿਹਾ ਨਹੀਂ ਜਾ ਸਕਦਾ ਕਿ ਐਸੇ ਬੇਕਾਰ ਤੇ ਬੇਸਮਝ ਬੰਦੇ ਮਰ ਕੇ ਕਿਥੇ ਜਾ ਪੈਂਦੇ ਹਨ। ਭਾਵ ਇਹ ਹੈ ਕਿ ਪ੍ਰਮਾਤਮਾ ਦੇ ਦਰ 'ਤੇ ਪ੍ਰਵਾਨ ਨਹੀਂ ਹੁੰਦੇ।

**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥**
**ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥**
**ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥**
**ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥**

**(ਸਲੋਕ ਮ: ੧ ਮਲਾਰ ਕੀ ਵਾਰ ਮ: ੧ ਪੰਨਾ ੧੨੮੬)**

ਬਾਬਾ ਫਰੀਦ ਜੀ ਬੜਾ ਸੁੰਦਰ ਵਿਚਾਰ ਦਿੰਦੇ ਹਨ ਕਿ ਮੈਂ ਪ੍ਰਮਾਤਮਾ

ਨੂੰ ਕਿਹਾ ਕਿ ਹੈ ਖ਼ੁਦਾ ਮੈਂ ਕਿਹੜੀ ਸੇਵਾ ਕਰਾਂ, ਪਰਉਪਕਾਰ ਕਰਾਂ। ਇਹ ਜਗਤ ਬੇਸ਼ਕ ਵਿਗੜਿਆ ਹੈ ਪਰ ਹੈ ਤਾਂ ਤੇਰਾ ਇਹ ਘਰ ਬੇਸ਼ੱਕ ਢੱਠਾ ਪਿਆ ਹੈ ਇਹ ਹੈ ਤਾਂ ਤੇਰਾ। ਮੈਂ ਤੇਰੀ ਤੇ ਤੇਰੇ ਜਗਤ ਦੀ ਸੇਵਾ ਕਰਨੀ ਚਾਹੁੰਦਾ ਹਾਂ ਤਾਂਕਿ ਮੈਂ ਤੇਰੇ ਦਰ ’ਤੇ ਪ੍ਰਵਾਨ ਹੋ ਸਕਾਂ। ਮੈਨੂੰ ਆਤਮਿਕ ਅਨੰਦ ਮਿਲ ਸਕੇ। ਬਾਬਾ ਫ਼ਰੀਦ ਜੀ ਕਹਿੰਦੇ ਹਨ ਮੈਨੂੰ ਖ਼ੁਦਾ ਨੇ ਕਿਹਾ ਫਰੀਦ ਆਪਣੇ ਹੱਥ ਚਿੱਕੜ ਨਾਲ ਭਰੇ ਹੋਣ ਤਾਂ ਕੀ ਤੂੰ ਕਿਸੇ ਦੇ ਕੱਪੜਿਆਂ ਦੀ ਗਰਦ ਝਾੜ ਸਕੇਂਗਾ? ਜੇ ਸੇਵਾ ਕਰਨੀ ਹੈ ਆਪਣੇ ਹੱਥ ਪਵਿੱਤਰ ਕਰ, ਪਹਿਲਾਂ ਆਪਣਾ ਤਨ ਪਵਿੱਤਰ ਕਰ, ਆਪਣਾ ਮਨ ਪਵਿੱਤਰ ਕਰ। ਤੂੰ ਕਿਸੇ ਨੂੰ ਸਵਾਰਨ ਦੀ ਗੱਲ ਕਰਨ ਤੋਂ ਪਹਿਲਾਂ ਆਪਣਾ ਆਪ ਸਵਾਰ। ਜੇ ਤੂੰ ਆਪਣਾ ਆਪ ਸਵਾਰ ਲਵੇਂ ਤਾਂ ਮੈਨੂੰ ਮਿਲੇਂਗਾ। ਜੇ ਤੂੰ ਮੈਨੂੰ ਮਿਲੇਂਗਾ ਤਾਂ ਤੈਨੂੰ ਆਤਮਿਕ ਸੁਖ ਮਿਲੇਗਾ। ਹੇ ਫ਼ਰੀਦ ਜੇ ਤੂੰ ਮੇਰਾ ਬਣ ਜਾਏਂਗਾ ਫਿਰ ਮੇਰਾ ਬਣ ਕੇ ਤੂੰ ਜਗਤ ਦੀ ਸੇਵਾ ਕਰ, ਸੁਧਾਰ ਕਰ, ਫਿਰ ਜਗਤ ਤੇਰੇ ਬਚਨ ’ਤੇ ਭਰੋਸਾ ਕਰਕੇ, ਤੇਰੇ ਮੂੰਹੋਂ ਨਿਕਲਿਆ ਬਚਨ ਖਲਕਤ ਮੇਰਾ ਹੁਕਮ ਸਮਝ ਕੇ ਮੰਨੇਗੀ। ਸਾਰਾ ਜਗਤ ਹੀ ਤੇਰਾ ਹੋ ਜਾਵੇਗਾ।

**ਆਪ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ॥**
**ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ॥**

ਬਾਬਾ ਫ਼ਰੀਦ ਜੀ ਏਸੇ ਵਾਸਤੇ ਆਪਣਾ ਆਪਾ ਵੇਖਣ ਵਾਸਤੇ, ਖੋਜਣ ਵਾਸਤੇ, ਆਪਣਾ ਆਪਾ ਸਵਾਰਨ ਵਾਸਤੇ ਪ੍ਰੇਰਣਾ ਦੇਂਦੇ ਹਨ। ਖਿਝੰਦਏ ਕੂ ਇਕ ਸਿਆਣੇ ਬੰਦੇ ਜੇ ਤੂੰ ਆਪਣੇ ਲੇਖ ਹੀ ਕਾਲੇ ਲਿਖੇ ਹਨ ਤਾਂ ਤੇਰੇ ਉਦਮ ਨਾਲ ਦੂਸਰੇ ਦੇ ਲੇਖ ਉੱਜਲ ਤੇ ਪਵਿੱਤਰ ਕਿਵੇਂ ਹੋਣ? ਤੂੰ ਕਿਸੇ ਦੇ ਲੇਖ ਸਵਾਰਨ ਤੋਂ ਪਹਿਲਾਂ ਆਪਣੇ ਗਿਰੀਵਾਨ ਵਿੱਚ ਝਾਤੀ ਮਾਰ ਕੇ ਦੇਖ।

**ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥**

**(ਸਲੋਕ ਫ਼ਰੀਦ ਪੰਨਾ ੧੩੭੮)**

ਜਿਹੜਾ ਬੰਦਾ ਆਪਣਾ ਆਪਾ ਸਵਾਰ ਲਵੇ ਉਸ ਦੇ ਬਚਨਾਂ ਨਾਲ ਦੂਸਰਾ ਵੀ ਸਵਰੇਗਾ। ਉਸ ਦੇ ਜੀਵਨ ਦਾ ਪ੍ਰਭਾਵ ਦੂਸਰੇ ’ਤੇ ਪਵੇਗਾ। ਐਸਾ ਬੰਦਾ ਜੇ ਕਿਸੇ ਦੇ ਹੱਥ ਵੀ ਧੁਵਾਇਗਾ ਤਾਂ ਨਾਲ ਹੀ ਉਸ ਦਾ ਮਨ ਵੀ ਧੋ ਦੇਵੇਗਾ। ਜਿਸ ਬੰਦੇ ਦਾ ਆਪਣਾ ਆਪਾ ਨਹੀਂ ਸਵਰਿਆ ਐਸਾ ਬੰਦਾ ਦੂਸਰੇ ਦੇ ਸੁਧਆ਼ ਦਾ ਬਹਾਨਾ ਕਰਕੇ ਆਪਣਾ ਸੁਆਰਥ ਪੂਰਾ ਕਰੇਗਾ। ਸੁਧਾਰ ਦੇ ਬਹਾਨੇ ਉਹ ਸਿਰਫ ਦੂਸਰੇ ਦਾ ਹੱਕ ਹੀ ਖੋਹੇਗਾ। ਪਰ ਜਿਸ ਬੰਦੇ ਨੇ ਆਪਣਾ ਆਪਾ ਸਵਾਰ ਲਿਆ ਹੈ, ਜਿਸ ਨੂੰ ਰੱਬ ਮਿਲਿਆ ਹੈ, ਜਿਸ ਨੂੰ ਆਤਮਿਕ ਸੁਖ ਮਿਲਿਆ, ਉਸ ਦੇ ਮਨ ਵਿੱਚ ਸਿਰਫ ਦੂਸਰੇ ਦਾ ਭਲਾ ਹੁੰਦਾ ਹੈ। ਉਹ ਚਾਹੁੰਦਾ ਹੈ ਜੋ ਮੈਨੂੰ ਮਿਲਿਆ ਹੈ ਇਹ ਦੂਸਰਿਆਂ ਨੂੰ ਵੰਡ ਦੇਵਾਂ। ਜਦੋਂ ਦਾਤ ਮੌਜੂਦ ਹੈ ਤਾਂ ਫਿਰ ਜਗਤ ਦੁਖੀ ਕਿਉਂ ਰਹੇ? ਜਗਤ ਭੁੱਖਾ ਕਿਉਂ ਰਹੇ। ਜਿਵੇਂ ਮਾਂ ਦੁਖੀ ਤੇ ਭੁੱਖੇ ਬੱਚੇ ਨੂੰ ਨਹੀਂ ਵੇਖ ਸਕਦੀ ਉਸ ਨੂੰ ਸੁਖ ਦਿੰਦੀ ਹੈ, ਇਸੇ ਤਰ੍ਹਾਂ ਰੱਬ ਦੇ ਪਿਆਰੇ ਵੀ ਮਾਂ ਵਰਗਾ ਦਿਲ ਰੱਖਦੇ ਹਨ। ਉਨ੍ਹਾਂ ਦਾ ਸਵਾਰਥ ਕੋਈ ਨਹੀਂ ਪਰਉਪਕਾਰੀ ਜੀਵਨ ਹੈ। ਆਪ ਨੂੰ ਜੋ ਮਿਲਿਆ ਹੈ ਜਗਤ ਨੂੰ ਵੰਡਦੇ ਹਨ। ਜੈਸਾ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ ਪਰ ਆਪਣਾ ਜੀਵਨ ਸਵਾਰਨ ਦਾ ਚਾਅ ਤਾਂ ਹੀ ਪੈਦਾ ਹਵੇਗਾ ਜੇ ਬਹੀਐ ਪੜਿਆ ਪਾਸਿ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਅਗਸਤ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

**ਓ.ਬੀ.ਸੀ ਰਿਜ਼ਰਵੇਸ਼ਨ** :- ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਵਿਚ ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜੋ ਰਿਟ ਨੰ. 7504 ਆਫ 2018 ਫਾਇਲ ਕੀਤੀ ਹੋਈ ਹੈ। ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 10 ਸਤੰਬਰ 2018 ਨੂੰ ਪਾ ਦਿੱਤੀ ਗਈ ਸੀ। ਇਸ ਰਿਟ ਦੀ ਸਪੋਰਟ ਵਿਚ ਵਿਦਿਆਰਥੀਆਂ ਵੱਲੋਂ ਇੱਕ ਹੋਰ ਰਿਟ ਨੰ.15738 ਆਫ 2018 ਪਾਈ ਗਈ ਸੀ। ਇਸ ਰਿਟ ਬਾਰੇ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਬੇਨਤੀ ਕੀਤੀ ਗਈ ਕਿ ਇਸ ਬਾਰੇ ਜਲਦੀ ਤੋਂ ਜਲਦੀ ਫੈਸਲਾ ਕੀਤਾ ਜਾਵੇ, ਕਿਉਂਕਿ ਜੋ ਓ.ਬੀ.ਸੀ. ਵਿਦਿਆਰਥੀ ਦਾਖਲਾ ਲੈਣਾ ਚਾਹੁੰਦੇ ਹਨ, ਉਹਨਾਂ ਦਾ ਖੋਇਆ ਹੋਇਆ ਹੱਕ ਮਿਲ ਸਕੇ। ਇਹ ਰਿਟ ਪਟੀਸ਼ਨ ਮਿਤੀ 13-08-2018 ਨੂੰ ਬਹਿਸ ਲਈ ਲਗੀ ਸੀ।

ਸੁਣਵਾਈ ਸਮੇਂ ਦੋਹਾਂ ਧਿਰਾਂ ਵਿਚ ਬਹਿਸ ਉਪਰੰਤ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਓ.ਬੀ.ਸੀ. ਸਮਾਜ ਦੀ ਅਪੀਲ ਰੱਦ ਕਰ ਦਿੱਤੀ। ਇਸ ਤੋਂ ਬਾਅਦ 20-08-2018 ਨੂੰ ਗੁਜਰ ਭਵਨ ਵਿੱਚ ਦੁਬਾਰਾ ਮੀਟਿੰਗ ਹੋਈ ਜਿਸ ਵਿੱਚ ਓ.ਬੀ.ਸੀ. ਸਮਾਜ ਦੇ ਪ੍ਰਧਾਨ ਇਕੱਠੇ ਹੋਏ ਅਤੇ ਇਹ ਫੈਸਲਾ ਲਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਫੈਸਲੇ ਵਿਰੁੱਧ ਮਾਣਯੋਗ ਸੁਪਰੀਮ ਕੋਰਟ ਅਪੀਲ ਦਾਇਰ ਕੀਤੀ ਜਾਵੇ। ਇਸ ਕੇਸ ਵਿਚ ਜੋ ਵੀ ਅਗਲੇਰੀ ਕਾਰਵਾਈ ਹੋਵੇਗੀ ਉਸ ਸਬੰਧੀ ਸੂਚਿਤ ਕੀਤਾ ਜਾਵੇਗਾ।

**ਸਕਾਲਰਸ਼ਿਪ** :- ਮੈਨੇਜਮੈਂਟ ਦੀ ਆਫਿਸ ਬੀਅਰਰ ਦੀ ਮੀਟਿੰਗ 27-07-2018 ਨੂੰ ਹੋਈ ਸੀ ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਸਕਾਲਰਸ਼ਿਪ ਦੇ ਨਿਯਮ ਉਹ ਹੀ ਰਹਿਣਗੇ ਜਿਹੜੇ ਪਿਛਲੀ ਕਾਰਜਕਾਰਨੀ ਕਮੇਟੀ ਨੇ 19-05-2017 ਵਿੱਚ ਪਾਸ ਕੀਤੇ ਸਨ। ਵਿਤੀ ਸਾਲ 2018-19 ਵਾਸਤੇ "ਮੈਰਿਟ-ਕਮ-ਮੀਨਜ਼" ਸਕਾਲਰਸ਼ਿਪ ਸਕੀਮ ਦੇ ਫਾਰਮ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਛਾਪੇ ਗਏ ਹਨ। ਵਿਦਿਆਰਥੀ ਸਕਾਲਰਸ਼ਿਪ ਲਈ ਆਪਣੇ ਫਾਰਮ ਭਰ ਕੇ 31-10-2018 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ ਚੰਡੀਗੜ੍ਹ ਨੂੰ ਭੇਜਣ। ਸਕਾਲਰਸ਼ਿਪ ਦੇ ਨਿਯਮ ਅਤੇ ਫਾਰਮ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਮੁੜ ਦਿੱਤੇ ਗਏ ਹਨ (ਸਕਾਲਰਸ਼ਿਪ ਫਾਰਮ ਏਰੀਏ ਦੇ ਰਿਜ਼ਨਲ ਮੀਤ ਪ੍ਰਧਾਨ ਦੁਆਰਾ ਸਿਫਾਰਿਸ਼ ਕਰਵਾ ਕੇ ਭੇਜੇ ਜਾਣ)।

**ਕਾਨਫਰੈਂਸ ਹਾਲ** :- ਕਾਨਫਰੈਂਸ ਹਾਲ ਪੂਰਾ ਕਰਨ ਬਾਰੇ ਪਿਛਲੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਸੀ। ਇਸ ਫੈਸਲੇ ਅਨੁਸਾਰ ਕਾਨਫਰੈਂਸ ਹਾਲ ਦੀ ਡਰਾਇੰਗ ਬਣਵਾ ਕੇ ਕੰਮ ਸ਼ੁਰੂ ਕੀਤਾ ਜਾ ਰਿਹਾ।

**ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਪੂਰਵ ਦਿਵਸ ਬਾਰੇ** :- ਮਿਤੀ 05-08-2018 ਦਿਨ ਐਤਵਾਰ ਨੂੰ ਸ਼੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਪੂਰਵ ਦਿਵਸ ਦੇ ਸ਼ੁਭ ਅਵਸਰ ਤੇ ਨਗਰ ਕੀਰਤਨ ਸ਼ਾਮ ਨੂੰ 6:30 ਵਜੇ ਭਵਨ ਦੇ ਗੇਟ ਅੱਗੇ ਪੁਜਿਆ ਸੀ। ਭਵਨ ਵੱਲੋਂ ਉਹਨਾਂ ਦਾ ਸੁਆਗਤ ਕੀਤਾ ਅਤੇ ਸ਼ਰਧਾ ਪੂਰਵਕ ਜਲ-ਪਾਨ ਦੀ ਵਿਵਸਥਾ ਕੀਤੀ ਗਈ।





**"ਗੁਰੂ ਲਾਧੋ ਰੇ" ਦਿਵਸ** :- ਫਾਉਂਡੇਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ "ਗੁਰੂ ਲਾਧੋ ਰੇ" ਦਿਵਸ ਮਿਤੀ 07-10-2018 ਦਿਨ ਐਤਵਾਰ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਫਾਉਂਡੇਸ਼ਨ ਵੱਲੋਂ ਇਸ ਦੀਆਂ ਤਿਆਰੀਆਂ

ਕੀਤੀਆਂ ਜਾ ਰਹੀਆਂ ਹਨ। ਇਸ ਲਈ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਦਿਹਾੜੇ ਤੇ ਹੁਮ-ਹਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਮੈਡੀਕਲ ਵਿੰਗ ਬਾਰੇ** :-ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਅਗਸਤ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 115
2. ਡੈਂਟਲ ਕਲੀਨਿਕ - 39
3. ਕਲੀਨਿਕਲ ਲੈਬ - 22

**ਮੈਡੀਕਲ ਕੈਂਪ ਬਾਰੇ** : - ਜੁਲਾਈ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 2 ਕੈਂਪ ਲਗਾਏ ਗਏ ਅਤੇ ਅਗਸਤ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 7 ਕੈਂਪ ਲਗਾਏ ਹਨ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਜੁਲਾਈ ਮਹੀਨੇ ਦੇ ਕੈਂਪਾਂ ਦਾ ਵੇਰਵਾ:-**

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 16-07-2018/ਗੁਰੂ ਘਰ 66 ਫੁੱਟ ਰੋਡ ਸੰਤ ਪ੍ਰੇਮ ਸਿੰਘ ਨਗਰ ਜਲੰਧਰ | 30 |
| 2. | 25-07-2018/ਅਰਬਨ ਐਸਟੇਟ ਫੇਸ-1 ਜਲੰਧਰ | 30 |

**ਅਗਸਤ ਮਹੀਨੇ ਦੇ ਕੈਂਪਾਂ ਦਾ ਵੇਰਵਾ:-**

| **ਲੜੀ ਨੰ.** | **ਮਿਤੀ ਅਤੇ ਸਥਾਨ** | **ਮਰੀਜ਼** |
|---|---|---|
| 1. | 15-08-2018/ਅਰਬਨ ਐਸਟੇਟ ਫੇਸ-1, ਜਲੰਧਰ | 48 |
| 2. | 17-08-2018/ਗੁਰੂ ਘਰ 66 ਫੁੱਟ ਰੋਡ, ਜਲੰਧਰ | 38 |
| 3. | 25-08-2018/ਚੜ੍ਹਦੀ ਪੱਤੀ ਬੇਗੋਵਾਲ | 48 |
| 4. | 25-08-2018/ਗੁਰੂ ਘਰ ਕਾਲਾ ਮਹਿਲ ਮਕਸੂਦਾਂ | 35 |
| 5. | 27-08-2018/ਗੁਰਦੁਆਰਾ ਸਾਹਿਬ ਗੋਲਡਨ ਐਵਨਿਊ ਮਕਸੂਦਾਂ | 32 |
| 6. | 28-08-2018/ਸੰਤ ਪ੍ਰੇਮ ਸਿੰਘ ਖਾਲਸਾ ਕਾਲਜ ਬੇਗੋਵਾਲ | 44 |
| 7. | 31-08-2018/ਕ੍ਰਿਸ਼ਚਨ ਸਕੂਲ ਮਕਸੂਦਾਂ | 57 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਭਾਰਤ ਕਿਉਂ ਨਹੀਂ ਬਣ ਸਕਿਆ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼?

15 ਅਗਸਤ 1947 ਨੂੰ ਅਸੀਂ ਆਜ਼ਾਦ ਹੋਏ। ਇਸੇ ਦਿਨ ਹੀ ਹਿੰਦੁਸਤਾਨ ਦੀ ਧਰਤੀ ਦੋ ਹਿੱਸਿਆਂ ਵਿਚ ਵੰਡੀ ਗਈ। ਉੱਤਰੀ ਭਾਰਤ ਦੇ ਖੁਸ਼ਹਾਲ ਖਿੱਤੇ ਪੰਜਾਬ ਨੂੰ ਆਜ਼ਾਦੀ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ। ਸਦੀਆਂ ਤੋਂ ਇਕੱਠੇ ਰਹਿ ਰਹੇ ਲੱਖਾਂ ਲੋਕਾਂ ਨੂੰ ਘਰ-ਬਾਰ ਛੱਡ ਕੇ ਇਧਰੋਂ ਧਰਮ ਦੇ ਨਾਂਅ 'ਤੇ ਨਵੇਂ ਬਣੇ ਦੇਸ਼ ਪਾਕਿਸਤਾਨ ਜਾਣਾ ਪਿਆ ਤੇ ਉਧਰੋਂ ਇਧਰ ਆਉਣਾ ਪਿਆ। ਇਹ ਧਰਮ ਆਧਾਰਿਤ ਵੰਡ ਸੀ। ਦਸ ਲੱਖ ਦੇ ਕਰੀਬ ਲੋਕ ਫ਼ਸਾਦਾਂ ਵਿਚ ਕਤਲ ਹੋਏ। ਹਜ਼ਾਰਾਂ ਮੁਟਿਆਰਾਂ ਨੇ ਇਸ ਦੌਰਾਨ ਆਪਣੀ ਇੱਜ਼ਤ-ਆਬਰੂ ਬਚਾਉਣ ਲਈ ਆਪਣੀ ਜਾਨ ਦੀ ਅਹੂਤੀ ਦਿੱਤੀ। ਲੋਕ ਆਪਣੀਆਂ ਜੜ੍ਹਾਂ ਤੋਂ ਹਿੱਲ ਗਏ। ਆਪਣੇ ਆਪ ਨੂੰ ਗਵਾ ਆਏ ਲੋਕ ਸਾਲਾਂ ਤੱਕ ਆਪਣੇ ਆਪੇ ਨੂੰ ਲੱਭਦੇ ਬਰਬਾਦੀ ਦੀ ਦਾਸਤਾਨ ਸੁਣਾਉਂਦੇ ਅਤੇ ਅਤੀਤ ਨੂੰ ਯਾਦ ਕਰਕੇ ਹੌਕੇ ਭਰਦੇ ਅੱਜ ਵੀ ਵੇਖੇ ਜਾ ਸਕਦੇ ਹਨ। ਆਪਣੀ ਧਰਤੀ ਤੋਂ ਉੱਖੜ ਕੇ ਹਵਾ ਵਿਚ ਲਟਕਦੇ ਲੋਕ ਪੁੱਛਦੇ ਰਹੇ ਕਿ ਕੀ ਕਰਨੀ ਅਸੀਂ ਇਹ ਆਜ਼ਾਦੀ?

ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਧਰਮ, ਜਾਤ ਦੇ ਲੋਕਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਪਰ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਦੇ ਹਿੱਸੇ ਆਈਆਂ। ਆਜ਼ਾਦੀ ਮਿਲਣ ਤੇ ਸੰਤਾਪ ਵੀ ਸਭ ਤੋਂ ਵੱਧ ਪੰਜਾਬ ਦੇ ਲੋਕਾਂ ਨੂੰ ਭੋਗਣਾ ਪਿਆ। ਅੱਜ ਜਿਸ ਆਜ਼ਾਦੀ ਦੇ ਅਸੀਂ ਅੱਜ ਜਸ਼ਨ ਮਨਾਉਂਦੇ ਹਾਂ, ਇਹ ਉਹ ਆਜ਼ਾਦੀ ਨਹੀਂ ਹੈ, ਜਿਸ ਨੂੰ ਸਾਡੇ ਮਹਾਨ ਸ਼ਹੀਦਾਂ ਨੇ ਚਿਤਵਿਆ ਸੀ। ਇੱਥੇ ਸਾਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਉਹ ਸ਼ਬਦ ਨੂੰ ਯਾਦ ਆਉਂਦੇ ਹਨ, ਜੋ ਉਨ੍ਹਾਂ ਫਾਂਸੀ ਦਿੱਤੇ ਜਾਣ ਤੋਂ ਕੁਝ ਦਿਨ ਪਹਿਲਾਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਦੇ ਨਾਂਅ ਇਕ ਖਤ ਵਿਚ ਲਿਖੇ ਸਨ। ਭਗਤ ਸਿੰਘ ਨੇ ਲਿਖਿਆ ਸੀ, 'ਬਸਤੀਵਾਦੀ ਅੰਗਰੇਜ਼ ਹਕੂਮਤ ਖਿਲਾਫ਼ ਲੜਾਈ ਸਾਡੀ ਅੰਤਿਮ ਲੜਾਈ ਨਹੀਂ, ਇਹ ਲੜਾਈ ਤਾਂ ਸਾਡਾ ਪਹਿਲਾ ਮੋਰਚਾ ਹੈ, ਅਸਲੀ ਲੜਾਈ ਤਾਂ ਇਸ ਤੋਂ ਬਾਅਦ ਨਾਬਰਾਬਰੀ ਅਤੇ ਬੇਇਨਸਾਫ਼ੀ ਦਾ ਖ਼ਾਤਮਾ ਕਰਨ ਲਈ ਲੜੀ ਜਾਵੇਗੀ।' ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦਾਂ ਦੀਆਂ ਵੱਡੀਆਂ ਲਾਸਾਨੀ ਕੁਰਬਾਨੀਆਂ ਨਾਲ ਇਹ ਦੇਸ਼ ਆਜ਼ਾਦ ਹੋਇਆ। ਪਰ ਮਹਾਨ ਸ਼ਹੀਦਾਂ ਦੇ ਅਸਲ ਮਨੋਰਥ ਨੂੰ ਵਿਸਾਰ ਦਿੱਤਾ ਗਿਆ। ਜਿਸ ਨਿਜ਼ਾਮ ਨੂੰ ਬਦਲਣ ਲਈ ਆਜ਼ਾਦੀ ਦੀ ਵੇਦੀ 'ਤੇ ਹਜ਼ਾਰਾਂ ਸੂਰਬੀਰ ਕੁਰਬਾਨ ਹੋਏ, ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਗਿਆ, ਉਸ ਨਿਜ਼ਾਮ ਨੂੰ ਬਦਲਿਆ ਨਹੀਂ ਜਾ ਸਕਿਆ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਦੇਸ਼ ਦੇ ਲੋਕਾਂ ਨੂੰ ਵੱਡੇ ਲਾਰੇ ਲਾ ਕੇ ਪ੍ਰਚਾਇਆ ਗਿਆ। ਦੂਜਾ ਕਾਰਨ ਇਹ ਸੀ ਕਿ ਦੇਸ਼ ਵੰਡ ਨਾਲ ਬਰਬਾਦੀਆਂ ਦਾ ਸ਼ਿਕਾਰ ਹੋਏ ਲੱਖਾਂ ਲੋਕਾਂ ਨੂੰ ਰੋਜ਼ੀ-ਰੋਟੀ ਦੀ ਫਿਕਰ ਨੇ ਸ਼ਹੀਦਾਂ ਦੇ ਅਸਲ ਮਨੋਰਥ ਤੋਂ ਭਟਕਾ ਦਿੱਤਾ।

ਆਜ਼ਾਦ ਭਾਰਤ ਦੇ ਲੋਕ ਹਰ ਪੰਜ ਸਾਲ ਬਾਅਦ ਆਪਣੇ ਚੰਗੇ ਭਵਿੱਖ ਦੀ ਆਸ ਨਾਲ ਸਰਕਾਰਾਂ ਚੁਣਦੇ ਹਨ। ਹਰ ਵਾਰ ਚਿਹਰੇ ਬੇਸ਼ੱਕ ਬਦਲਦੇ ਹਨ ਪਰ ਬਾਹਲਾ ਕੁਝ ਬਦਲਦਾ ਨਹੀਂ ਅਤੇ ਨਾ ਹੀ ਬਦਲਣ ਦੀ ਆਸ ਨਜ਼ਰ ਆ ਰਹੀ ਹੈ। ਆਜ਼ਾਦੀ ਲਈ ਕੁਰਬਾਨੀਆਂ ਤਾਂ ਹਰ ਵਰਗ, ਜਾਤ, ਧਰਮ ਦੇ ਲੋਕਾਂ ਨੇ ਕੀਤੀਆਂ ਪਰ ਆਜ਼ਾਦੀ ਦਾ ਨਿੱਘ ਇਕ ਖ਼ਾਸ ਵਰਗ ਨੂੰ ਨਸੀਬ ਹੋਇਆ। ਇਨ੍ਹਾਂ 'ਚੋਂ ਕਈ ਘਰਾਣੇ ਉਹ ਹਨ, ਜੋ ਆਜ਼ਾਦੀ ਤੋਂ ਪਹਿਲਾਂ ਵੀ ਅੰਗਰੇਜ਼ ਹਕੂਮਤ ਦੇ ਵਫ਼ਾਦਾਰ ਬਣੇ ਰਹੇ। ਬੇਸ਼ੱਕ ਦੇਸ਼ ਨੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਹਾਸਲ ਵੀ ਕੀਤੀ ਪਰ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰਨ, ਨਿਆਂ, ਇਨਸਾਫ਼, ਗ਼ਰੀਬੀ, ਮੰਦਹਾਲੀ ਅਤੇ ਬੇਰੁਜ਼ਗਾਰੀ ਦੂਰ ਕਰਨ ਲਈ ਜੋ ਕੁਝ ਕੀਤਾ ਜਾਣਾ ਚਾਹੀਦਾ ਸੀ, ਉਹ ਨਹੀਂ ਕੀਤਾ ਜਾ ਸਕਿਆ। ਆਜ਼ਾਦੀ ਤੋਂ ਬਾਅਦ ਇੱਥੇ ਅਮੀਰੀ-ਗ਼ਰੀਬੀ ਦਾ ਪਾੜਾ ਬੜੀ ਤੇਜ਼ੀ ਨਾਲ ਵਧਿਆ ਹੈ। ਬਹੁਗਿਣਤੀ ਲੋਕ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਮੁਢਲੀਆਂ ਲੋੜਾਂ ਦੇ ਮੁਥਾਜ ਹਨ। ਲੱਖਾਂ ਬੇਘਰੇ ਲੋਕ ਗਲ ਪਾਟੀਆਂ ਲੀਰਾਂ ਪਾਈ ਪੁਲਾਂ, ਰੇਲਵੇ ਸਟੇਸ਼ਨਾਂ ਦੇ ਸਹਾਰੇ ਦਿਨ ਕਟੀ ਕਰ ਰਹੇ ਹਨ। ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ। ਮੰਦਹਾਲੀ ਦਾ ਸ਼ਿਕਾਰ ਹੋਏ ਉਹ ਵੱਡੀ ਤਾਦਾਦ ਵਿਚ ਆਤਮ-ਹੱਤਿਆਵਾਂ ਕਰ ਰਹੇ ਹਨ। ਆਜ਼ਾਦ ਭਾਰਤ ਦੀਆਂ ਰਾਜਗੱਦੀਆਂ ਦਾ ਨਿੱਘ ਮਾਣ ਰਹੇ ਅਤੇ ਮਾਣਦੇ ਆਏ ਲੋਕਾਂ ਲਈ ਇਹ ਸ਼ਰਮਨਾਕ ਗੱਲਾਂ ਹਨ। ਦੇਸ਼ ਦੇ ਲੱਖਾਂ ਪੜ੍ਹੇ-ਲਿਖੇ ਨੌਜਵਾਨ ਲੜਕੇ-ਲੜਕੀਆਂ ਸੜਕਾਂ, ਚੌਕਾਂ ਵਿਚ ਰੁਜ਼ਗਾਰ ਲਈ ਧਰਨੇ-ਮੁਜ਼ਾਹਰੇ ਕਰਦੇ ਹਨ। ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਦੀ ਤਰਜ਼ 'ਤੇ ਅਕਸਰ ਛੱਲੀਆਂ ਵਾਂਗ ਕੁੱਟਿਆ ਮਾਰਿਆ ਜਾਂਦਾ ਹੈ। ਉਨ੍ਹਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਇਸ ਦੇਸ਼ ਦੇ ਮਾਲਕ ਤੁਸੀਂ ਨਹੀਂ ਹੋ ਬਲਕਿ ਰਾਜਗੱਦੀਆਂ 'ਤੇ ਬੈਠੇ ਲੋਕ ਹਨ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਨੀਤੀਆਂ ਘੜਨਗੇ। ਥਾਣਿਆਂ-ਕਚਹਿਰੀਆਂ ਵਿਚ ਮਨੁੱਖੀ ਹੱਕਾਂ ਦਾ ਘਾਣ ਹੁੰਦਾ ਹੈ। ਨਿਆਂ ਇਨਸਾਫ਼ ਲੈਣ ਲਈ ਲੋਕਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪੈ ਰਹੀ ਹੈ।

ਸਾਡੇ ਦੇਸ਼ ਨੂੰ ਤਿੰਨ ਨਾਵਾਂ ਇੰਡੀਆ, ਭਾਰਤ ਅਤੇ ਹਿੰਦੁਸਤਾਨ ਦੇ ਨਾਂਅ ਨਾਲ ਬੁਲਾਇਆ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਦਾ ਦੇਸ਼

ਇਨ੍ਹਾਂ ਤਿੰਨ ਅਵਸਥਾਵਾਂ ਵਿਚ ਵੰਡਿਆ ਵੀ ਨਜ਼ਰ ਆਉਂਦਾ ਹੈ। 'ਇੰਡੀਆ' ਲਫਜ਼ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ, ਜੋ ਸਰਕਾਰਾਂ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਤਾਕਤ ਰੱਖਦੇ ਹਨ। ਵੱਡੇ-ਵੱਡੇ ਧਨਾਢਾਂ ਦੀ ਇਸ ਜਮਾਤ ਕੋਲ ਬੇਤਹਾਸ਼ਾ ਸਰਮਾਇਆ ਇਕੱਠਾ ਹੋਇਆ ਹੈ। ਦੇਸ਼ ਦੇ ਕੇਵਲ 1 ਫ਼ੀਸਦੀ ਧਨਾਢ ਲੋਕ ਮੁਲਕ ਦੇ 50 ਫ਼ੀਸਦੀ ਸਰਮਾਏ 'ਤੇ ਕਾਬਜ਼ ਹਨ। ਦੇਸ਼ਾਂ ਦੇਸ਼ਾਂਤਰਾਂ ਦੇ ਹੱਦ-ਬੰਨੇ ਇਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੇ। ਇਹ ਲੋਕ ਆਜ਼ਾਦੀ ਤੋਂ ਬਾਅਦ ਤੇਜ਼ੀ ਨਾਲ ਅਮੀਰ ਹੋਏ, ਬੇਤਹਾਸ਼ਾ ਸਰਮਾਇਆ ਇਨ੍ਹਾਂ ਨੇ ਇਕੱਠਾ ਕੀਤਾ। ਸਰਕਾਰ ਕੋਈ ਵੀ ਹੋਵੇ, ਇਨ੍ਹਾਂ ਦੇ ਕਾਰੋਬਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੇ ਆਏ ਹਨ ਅਤੇ ਕਰ ਰਹੇ ਹਨ। ਸਰਕਾਰਾਂ ਇਨ੍ਹਾਂ ਦੇ ਜਾਨ-ਮਾਲ ਦੀ ਰਾਖੀ ਕਰਕੇ ਆਪਣੇ ਧੰਨਭਾਗ ਸਮਝਦੀਆਂ ਹਨ। ਇਨ੍ਹਾਂ ਨੂੰ ਸਰਕਾਰੀ ਬੈਂਕਾਂ ਤੋਂ ਵੱਡੀਆਂ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ। ਪ੍ਰਸ਼ਾਸਨਿਕ ਵਿਵਸਥਾ ਅਤੇ ਪੁਲਿਸ ਤੰਤਰ 'ਇੰਡੀਆ' ਦੀ ਸੇਵਾ ਲਈ ਤਤਪਰ ਰਹਿੰਦਾ ਹੈ। ਦੂਜੀ ਜਮਾਤ ਜੋ 'ਭਾਰਤ' ਦੀ ਨੁਮਾਇੰਦਗੀ ਕਰਦੀ ਹੈ, ਮੱਧ ਵਰਗੀ ਲੋਕ ਹਨ। ਇਨ੍ਹਾਂ ਦੇ ਹਾਲਾਤ ਭਾਵੇਂ ਠੀਕ ਹਨ, ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਅਕਸਰ ਅਜਿਹੇ ਹਾਲਾਤ ਬਣ ਜਾਂਦੇ ਹਨ, ਜਦੋਂ ਇਹ ਜਮਾਤ ਵੀ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੀ ਹੈ। ਤੀਜੀ 'ਹਿੰਦੁਸਤਾਨ' ਸ਼ਬਦ ਦੀ ਨੁਮਾਇੰਦਗੀ ਕਰਨ ਵਾਲੀ ਜਮਾਤ ਦੀ ਅੱਜ ਵੀ ਹਾਲਤ ਉਹੀ ਹੈ ਜੋ ਆਜ਼ਾਦੀ ਤੋਂ ਪਹਿਲਾਂ ਸੀ। ਆਜ਼ਾਦੀ ਦੇ 71 ਸਾਲ ਬੀਤ ਜਾਣ 'ਤੇ ਵੀ ਦੇਸ਼ ਦੀ ਲਗਪਗ ਅੱਧੀ ਆਬਾਦੀ ਅਤਿ ਮੰਦੇ ਹਾਲ ਵਿਚ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਕਦਰਾਂ-ਕੀਮਤਾਂ ਦੇ ਢਾਂਚੇ ਵਾਲੇ ਇਸ ਦੇਸ਼ ਦੀ ਮੌਜੂਦਾ ਵਿਵਸਥਾ ਵਿਚ ਆਮ ਲੋਕ ਮਹਿਜ਼ ਵੋਟ ਬਣ ਕੇ ਰਹਿ ਗਏ ਹਨ। ਦੇਸ਼ ਦੇ ਕਰੋੜਾਂ ਲੋਕ, ਜਿਨ੍ਹਾਂ ਦੇ ਵੱਡੇ ਵਡੇਰਿਆਂ ਨੇ ਦੇਸ਼ ਦੀ ਆਜ਼ਾਦੀ, ਵਿਕਾਸ ਅਤੇ ਤਰੱਕੀ ਲਈ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਖ਼ੂਨ ਪਸੀਨਾ ਵਹਾਇਆ, ਨੂੰ ਹਾਸ਼ੀਏ 'ਤੇ ਕਰ ਦੇਣ ਦੀ ਕਵਾਇਦ ਚੱਲ ਰਹੀ ਹੈ। ਦੇਸ਼ ਦੇ ਲੱਖਾਂ ਕਿਰਤੀ ਕਿਸਾਨ, ਮਜ਼ਦੂਰ ਪੂਰੀ ਜ਼ਿੰਦਗੀ ਹੱਡ ਭੰਨਵੀਂ ਮਿਹਨਤ ਕਰਦੇ ਹਨ ਅਤੇ ਅੰਤ ਨੂੰ ਇਨ੍ਹਾਂ ਦੇ ਹੱਥ ਖਾਲੀ ਹੁੰਦੇ ਹਨ। ਇਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦਿਵਾਉਣ ਲਈ ਚੰਗੇ ਸਾਧਨ ਨਹੀਂ ਹਨ। ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਪੈਸੇ ਨਹੀਂ ਹਨ। ਇਨ੍ਹਾਂ ਬਦਕਿਸਮਤ ਲੋਕਾਂ ਨੂੰ ਸਰਕਾਰਾਂ ਰੁਜ਼ਗਾਰ ਦੇ ਕੇ ਸਾਧਨ ਸੰਪੰਨ ਕਰਕੇ ਸਵੈਮਾਣ ਦੀ ਜ਼ਿੰਦਗੀ ਜਿਊਣ ਲਈ ਯਤਨ ਨਹੀਂ ਕਰਦੀਆਂ। ਦਹਾਕਿਆਂ ਤੋਂ ਮੰਦਹਾਲੀ ਦਾ ਜੀਵਨ ਜਿਊ ਰਹੇ ਇਨ੍ਹਾਂ ਲੱਖਾਂ ਲੋਕਾਂ ਨੂੰ ਗ਼ਰੀਬੀ-ਮੰਦਹਾਲੀ 'ਚੋਂ ਕੱਢਣ ਲਈ ਦੇਸ਼ ਦੀ ਕਿਸੇ ਪਾਰਟੀ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ ਹੈ। ਹਰ ਵਾਰ ਇਨ੍ਹਾਂ ਕਿਸਮਤ ਦੇ ਮਾਰੇ ਲੋਕਾਂ ਨੂੰ ਥੋਕ ਵਿਚ ਨਾਅਰੇ ਵਾਅਦੇ ਵੇਚੇ ਜਾਂਦੇ ਹਨ।

ਹਰ ਸਾਲ ਬਾਅਦ ਦੇਸ਼ ਦੇ ਆਜ਼ਾਦੀ ਦਿਹਾੜੇ 'ਤੇ ਹੁੰਦੇ ਸਰਕਾਰੀ ਪ੍ਰੋਗਰਾਮਾਂ ਵਿਚ ਤਰਕੀਰਾਂ ਵਿਚ ਇਹ ਕਿਹਾ ਜਾਂਦਾ ਹੈ ਕਿ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਅਜੇ ਬਾਕੀ ਹੈ। ਜੇਕਰ ਸੱਤ ਦਹਾਕੇ ਬੀਤਣ ਦੇ ਬਾਅਦ ਵੀ ਦੇਸ਼ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣ ਸਕਿਆ ਤਾਂ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟਾਂ ਬਣਦੇ ਆਏ ਹਨ? ਦੇਸ਼ ਦਾ ਪੜ੍ਹਿਆ-ਲਿਖਿਆ ਤਬਕਾ ਬੜੀ ਤੇਜ਼ੀ ਨਾਲ ਬਾਹਰਲੇ ਮੁਲਕਾਂ ਦਾ ਰੁਖ਼ ਕਰ ਰਿਹਾ ਹੈ। ਬੇਰਜ਼ੁਗਾਰੀ ਸਭ ਤਰ੍ਹਾਂ ਦੇ ਹੱਦ-ਬੰਨੇ ਪਾਰ ਗਈ ਹੈ। ਇਕ ਚਪੜਾਸੀ ਦੀ ਨੌਕਰੀ ਲਈ ਇਕ ਲੱਖ ਲੋਕ ਇਕੱਠੇ ਹੋ ਜਾਂਦੇ ਹਨ। ਪ੍ਰਸ਼ਾਸਨਿਕ ਵਿਵਸਥਾ ਸੁਧਰਨ ਦੀ ਬਜਾਏ ਦਿਨੋ-ਦਿਨ ਵਿਗੜ ਰਹੀ ਹੈ। ਦੇਸ਼ ਦਾ ਕੁਦਰਤੀ ਵਾਤਾਵਰਨ ਤੇਜ਼ੀ ਨਾਲ ਬਰਬਾਦ ਕੀਤਾ ਜਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਬੇਵਿਸ਼ਵਾਸੀ ਦਾ ਮਾਹੌਲ ਬਣ ਰਿਹਾ ਹੈ। ਵੱਡੇ ਪੱਧਰ 'ਤੇ ਫ਼ਿਰਕਾਪ੍ਰਸਤੀ ਨੂੰ ਜਾਣਬੁੱਝ ਕੇ ਹਵਾ ਦਿੱਤੀ ਜਾ ਰਹੀ ਹੈ। ਅੰਧਵਿਸ਼ਵਾਸ ਅਤੇ ਰੂੜ੍ਹੀਵਾਦੀ ਸਰਗਰਮੀਆਂ ਦਾ ਪਾਸਾਰ ਤੇਜ਼ੀ ਨਾਲ ਹੋ ਰਿਹਾ ਹੈ। ਹੱਕ-ਸੱਚ ਅਤੇ ਨਿਆਂ-ਇਨਸਾਫ਼ ਦੀ ਗੱਲ ਕਰਦੀ ਹਰ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਾਇਦ ਇਸੇ ਲਈ ਆਜ਼ਾਦੀ ਦੇ ਤਰਾਨੇ ਪਹਿਲਾਂ ਵੀ ਗਾਏ ਜਾਂਦੇ ਸਨ, ਅੱਜ ਵੀ ਗਾਏ ਜਾਂਦੇ ਹਨ ਪਰ ਇਨ੍ਹਾਂ ਵਿਚਲਾ ਜੋਸ਼ ਹੁਣ ਕੁਝ ਮੱਠਾ ਪੈ ਗਿਆ ਹੈ। ਆਮ ਲੋਕਾਂ ਵਿਚ ਆਜ਼ਾਦੀ ਪ੍ਰਤੀ ਉਤਸ਼ਾਹ ਵਧਣ ਦੀ ਬਜਾਏ ਘਟਣ ਲੱਗਿਆ ਹੈ।

ਦੇਸ਼ ਦੇ ਆਮ ਲੋਕਾਂ ਨੂੰ ਹੁਣ ਫੋਕੇ ਲਾਰਿਆਂ, ਵਾਅਦਿਆਂ, ਭਰੋਸਿਆਂ ਅਤੇ ਦਿਲਾਸਿਆਂ ਦੀ ਲੋੜ ਨਹੀਂ। ਅੱਜ ਸਮੇਂ ਦੀ ਇਹ ਮੰਗ ਹੈ ਕਿ ਵੋਟਾਂ ਵੇਲੇ ਜੋ ਹੱਥ ਲੋਕਾਂ ਅੱਗੇ ਜੁੜਦੇ ਹਨ, ਰਾਜਗੱਦੀ 'ਤੇ ਬਹਿ ਕੇ ਉਹ ਲੋਕਾਂ ਲਈ ਮੁੱਕੇ ਨਾ ਬਣਨ। ਆਮ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਲਈ ਵੱਡੇ ਉਪਰਾਲੇ ਕੀਤੇ ਜਾਣ। ਫ਼ਿਰਕਾਪ੍ਰਸਤ ਤਾਕਤਾਂ ਨੂੰ ਪਛਾੜ ਕੇ ਦੇਸ਼ ਹਿਤਾਂ ਲਈ ਕੰਮ ਕੀਤੇ ਜਾਣ। ਪੂਰੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜੀ ਜਾਵੇ। ਹਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਇਕਸਾਰ ਹੋਵੇ। ਨੌਜੁਆਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਆਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਸਰਕਾਰਾਂ ਆਪਣੇ ਫ਼ਰਜ਼ ਸਮਝਣ। ਦੇਸ਼ ਦੇ ਕਰੋੜਾਂ ਨਾਗਰਿਕ ਜੋ ਆਜ਼ਾਦੀ ਦੇ ਹੱਕਾਂ ਤੋਂ ਵਿਰਵੇ ਹਨ, ਦੀ ਹਾਲਤ ਬਿਹਤਰ ਬਣਾਉਣ ਲਈ ਵੱਡੇ ਪ੍ਰੋਗਰਾਮ ਉਲੀਕੇ ਜਾਣ। ਆਮ ਲੋਕਾਂ ਲਈ ਵੋਟਾਂ ਦੌਰਾਨ ਵਕਤੀ ਜਿਹੇ ਫ਼ੈਸਲੇ ਨਾ ਲਏ ਜਾਣ ਬਲਕਿ ਲੋਕਾਂ ਦੀ ਬਿਹਤਰੀ ਲਈ ਵੱਡੇ ਪ੍ਰੋਗਰਾਮ ਬਣਾ ਕੇ ਉਨ੍ਹਾਂ 'ਤੇ ਕੰਮ ਹੋਵੇ ਤਾਂ ਜੋ ਲੋਕ ਮਿਲੀ ਸੱਚੀ ਅਜ਼ਾਦੀ ਦਾ ਨਿੱਘ ਮਾਣ ਸਕਣ।

# ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ - ਰੱਖੜੀ

**ਜੋਗਿੰਦਰ ਸਿੰਘ ਅਜੈਬ**

ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ ਇਕ ਸਮਾਜਿਕ ਰਸਮ ਦੇ ਨਾਲ ਪੰਜਾਬੀ ਸੱਭਿਆਚਾਰ ਦਾ ਅੰਗ ਬਣ ਚੁੱਕਾ ਹੈ ਰੱਖੜ ਪੁੰਨਿਆ ਦਾ ਤਿਉਹਾਰ। ਰੱਖੜੀ ਦਾ ਇਤਿਹਾਸ ਕਿਤੇ ਵੀ ਸਿੱਖ ਇਤਿਹਾਸ ਨਾਲ ਜਾਂ ਬਾਬਾ ਬਕਾਲਾ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਜੁੜਿਆ ਹੋਇਆ ਨਹੀਂ ਹੈ।

ਰਿਸ਼ਤਿਆਂ ਦੀ ਧੂੜ ਵਿਚੋਂ ਭੈਣ-ਭਰਾ ਦਾ ਰਿਸ਼ਤਾ ਪਵਿੱਤਰਤਾ ਦੇ ਨਕਸ਼ ਉਘਾੜਦਾ ਹੈ। ਦੁਨੀਆਂ ਦੇ ਸਮੁੱਚੇ ਰਿਸ਼ਤਿਆਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਸਰਵੋਤਮ ਹੈ। ਭੈਣ ਦੇ ਚਾਵਾਂ ਦੀ ਮਹਿਕ ਉਨ੍ਹਾਂ ਰਾਹਾਂ ਵਿਚ ਖਿਲਰ ਜਾਂਦੀ ਹੈ ਜਿਨ੍ਹਾਂ ਰਾਹਾਂ ਉਤੋਂ ਉਸ ਦਾ ਵੀਰ ਗੁਜਰਦਾ ਹੈ। ਵੀਰ ਪਿਆਰ ਦੇ ਅਹਿਸਾਸ ਦੀ ਘਾਟ ਤਾਂ ਉਨ੍ਹਾਂ ਭੈਣਾਂ ਦੇ ਸੱਖਣੇ ਦਿਲ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਹੱਥ ਹਰ ਸਾਲ ਆਪਣੇ ਵੀਰਾਂ ਦੇ ਗੁੱਟਾਂ ਉਪਰ ਰੱਖੜੀ ਬੰਨ੍ਹਣ ਲਈ ਤਰਸਦੇ ਰਹਿੰਦੇ ਹਨ।

ਪੰਜਾਬੀ ਲੋਕ ਗੀਤਾਂ ਵਿਚ ਜਿਥੇ ਵਿਭਿੰਨ ਰਿਸ਼ਤੇ ਮਸਲਿਨ ਦਿਉਰ, ਭਰਜਾਈ, ਜੇਠ, ਜੇਠਾਣੀ, ਸੱਸ, ਸਹੁਰਾ, ਨਣਾਨ, ਜੀਜਾ, ਸਾਲੀ ਆਦਿ ਰੂਪਮਾਨ ਹੋਏ ਹਨ ਉਥੇ ਭੈਣ ਤੇ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਪੰਜਾਬੀ ਲੋਕ ਗੀਤਾਂ ਨੇ ਖਾਸ ਤੌਰ 'ਤੇ ਬੜੇ ਸੁਚੱਜੇ ਢੰਗ ਨਾਲ ਚਿਤਰਿਆ ਹੈ। ਵੀਰ ਤੋਂ ਵਿਹੂਣੀ ਭੈਣ ਰੱਬ ਅੱਗੇ ਅਰਜ਼ੋਈਆਂ ਕਰਦੀ ਹੈ ਕਿ ਉਹ ਇਕ ਵੀਰ ਉਸ ਨੂੰ ਜ਼ਰੂਰ ਦੇਵੇ। ਸਾਲ ਬਾਅਦ ਜਦ ਰੱਖੜੀ ਦਾ ਤਿਉਹਾਰ ਆਉਂਦਾ ਹੈ ਤਾਂ ਉਸਦੀਆਂ ਸਧਰਾਂ ਤੇ ਚਾਅ ਮਾਨੋ ਕੁਮਲਾ ਜਾਂਦੇ ਹਨ। ਰੱਬ ਕੋਲੋਂ ਇਕੋ ਵੀਰ ਮੰਗਦੀ ਹੋਈ ਉਹ ਤਰਲਾ ਕਰ ਉਠਦੀ ਹੈ -

**ਇਕ ਵੀਰ ਦਈਂ ਵੇ ਰੱਬਾ,**

**ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।**

ਜਿਨ੍ਹਾਂ ਰਾਹਾਂ ਥਾਣੀਂ ਭੈਣ ਦਾ ਵੀਰ ਲੰਘ ਜਾਂਦਾ ਹੈ ਉਨ੍ਹਾਂ ਰਾਹਾਂ ਉਪਰਲੇ ਰੁੱਖਾਂ ਨੂੰ ਵੀ ਪਤਾਸੇ ਲੱਗ ਜਾਂਦੇ ਹਨ-

**ਉਹਨਾਂ ਕਿੱਕਰਾਂ ਨੂੰ ਲੱਗਣ ਪਤਾਸੇ,**

**ਜਿਥੋਂ ਮੇਰਾ ਵੀਰ ਲੰਘਿਆ।**

ਤੇ ਫੇਰ ਜਦੋਂ ਭੈਣ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦਾ ਦਿਲ ਵੀਰ ਪਿਆਰ ਲਈ ਮਚਲ ਉਠਦਾ ਹੈ। ਉਸਨੂੰ ਵੀਰ ਦੀ ਯਾਦ ਸਤਾਉਂਦੀ ਹੈ। ਆਪਣੇ ਅੰਮੀ ਜਾਏ ਵੀਰ ਨੂੰ ਜੀ ਭਰਕੇ ਤੱਕਣ ਲਈ ਉਸਦਾ ਹਿਰਦਾ ਤਰਲੋਮੱਛੀ ਹੋ ਉਠਦਾ ਹੈ ਤੇ ਉਹ ਪੁਕਾਰ ਉਠਦੀ ਹੈ-

**ਵੀਰਾ ਆਈਂ ਵੇ ਭੈਣ ਦੇ ਵਿਹੜੇ,**

**ਪੁੰਨਿਆ ਦਾ ਚੰਨ ਬਣਕੇ।**

ਵੀਰ ਦੇ ਵਿਆਹ ਦਾ ਵੀ ਭੈਣ ਨੂੰ ਲੋਹੜੇ ਦਾ ਚਾਅ ਹੁੰਦਾ ਹੈ। ਆਪਣੇ ਵੀਰ ਦੇ ਵਿਆਹ ਦੀ ਖੁਸ਼ੀ ਵਿਚ ਮਾਨੋ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗਦੀ। ਉਹ ਤਾਂ ਵੀਰ ਤੋਂ ਸਭ ਕੁਝ ਨਿਛਾਵਰ ਕਰ ਸਕਦੀ ਹੈ। ਜਲਦੀ ਵਿਆਹ ਕਰਵਾਉਣ ਲਈ ਉਹ ਆਪਣੇ ਵੀਰ ਨੂੰ ਕਹਿ ਉਠਦੀ ਹੈ-

**ਤੈਨੂੰ ਨੱਤੀਆਂ ਭਾਬੋ ਨੂੰ ਪਿੱਪਲ ਪੱਤੀਆਂ,**

**ਵਿਆਹ ਕਰਵਾ ਵੀਰਨਾ।**

ਉਸਦਾ ਵੀਰ ਜਦੋਂ ਵਿਆਹ ਕਰਵਾ ਕੇ ਚੰਨ ਜਿਹੀ ਵਹੁਟੀ ਲੈ ਆਉਂਦਾ ਹੈ। ਆਪਣੀ ਭਾਬੀ ਦੇ ਮੁੱਖੜੇ ਤੋਂ ਘੁੰਡ ਚੁੱਕਦੀ ਹੋਈ ਉਹ ਖੁਸ਼ੀ ਵਿਚ ਬਾਵਰੀ ਹੋ ਕੇ ਪੁਕਾਰ ਉਠਦੀ ਹੈ -

**ਵੀਰ ਮੇਰਾ ਨੀ ਸਰੂ ਦਾ ਬੂਟਾ,**

**ਭਾਬੋ ਮੇਰੀ ਤੂਤ ਦੀ ਛਿਟੀ।**

ਉਸਦੀ ਸੱਸ ਦੇ ਅੱਖੜ ਸੁਭਾਅ ਨੂੰ ਉਸਦੇ ਵੀਰ ਦੀ ਆਮਦ ਨਾਲ ਜਿਵੇਂ ਸੱਪ ਸੁੰਘ ਜਾਂਦਾ ਹੈ। ਸੱਸ ਦੀਆਂ ਵਧੀਕੀਆਂ ਤੋਂ ਬੇਜ਼ਾਰ ਹੋ ਕੇ ਉਹ ਆਪਣੇ ਵੀਰ ਨੂੰ ਆਵਾਜ਼ ਮਾਰਦੀ ਹੈ -

**ਸੱਸ ਚੰਦਰੀ ਕੁੰਡਾ ਨਾ ਖੋਲ੍ਹੇ,**

**ਕੋਠੇ ਕੋਠੇ ਆਜਾ ਵੀਰਨਾ।**

ਬਾਬਲ ਦੇ ਵਿਹੜੇ ਵਿਚ ਗੁੱਡੀਆਂ ਪਟੋਲੇ ਖੇਡ ਕੇ ਜਵਾਨ ਹੋਈ ਭੈਣ ਦੀ ਸਾਂਝ ਆਪਣੇ ਮਾਂ-ਪਿਉ ਜਾਏ ਵੀਰ ਨਾਲ ਆਖਰੀ ਸੁਆਸਾਂ ਤੱਕ ਚਿਰੰਜੀਵ ਰਹਿੰਦੀ ਹੈ। ਜਦੋਂ ਵੀਰ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਮਾਨੋ ਬਾਬਲ ਦੇ ਵਿਹੜੇ ਵਿਚ ਚੰਨ ਚੜ੍ਹ ਜਾਂਦਾ ਹੈ-

**ਚੰਨ ਚੜ੍ਹਿਆ ਬਾਪ ਦੇ ਵਿਹੜੇ,**

**ਵੀਰ ਘਰ ਪੁੱਤ ਜੰਮਿਆ।**

ਉਸਦਾ ਵੀਰ ਕੰਮਾਂ ਕਾਰਾਂ ਵਿਚ ਗ਼ਲਤਾਨ ਉਸਨੂੰ ਮਿਲਣ ਲਈ ਕਿਤੇ ਕਿਤੇ ਦੇਰੀ ਕਰ ਦਿੰਦਾ ਹੈ ਤਾਂ ਭੈਣ ਦਾ ਦਿਲ ਉਦਾਸ ਹੋ ਜਾਂਦਾ ਹੈ। ਉਹ ਲੁਕ ਲੁਕ ਕੇ ਧੂੰਏਂ ਦਾ ਬਹਾਨਾ ਬਣਾ ਕੇ ਅੱਥਰੂ ਵਹਾਉਣ ਲੱਗ ਪੈਂਦੀ ਹੈ-

**ਲੱਗੇ ਜੀ ਨਾ ਧੂੰਏਂ ਦੇ ਪੱਜ ਰੋਵਾਂ,**

**ਛੇਤੀ ਗੇੜਾ ਮਾਰ ਵੀਰਨਾ।**

ਵੀਰ ਦੀ ਚਿੱਠੀ ਵੀ ਪੇਕਿਆਂ ਦੀ ਸੁਖ ਸਾਂਦ ਉਸ ਕੋਲ ਪਹੁੰਚਾਉਂਦੀ ਰਹਿੰਦੀ ਹੈ। ਦੂਰ ਪਰਦੇਸ਼ਾਂ ਵਿਚ ਬੈਠੀ ਉਹ ਵੀਰ ਦੀ ਚਿੱਠੀ ਦੀ ਉਡੀਕ ਵਿਚ ਉਤਾਵਲੀ ਹੋ ਜਾਂਦੀ ਹੈ -

**ਚਿੱਠੀ ਪਾਏ ਵੇ ਅੰਮਾਂ ਦਿਆ ਜਾਇਆ,**

**ਭੈਣ ਪਰਦੇਸਣ ਨੂੰ।**

ਜਦੋਂ ਮਹੀਨਿਆਂ ਬੱਧੀ ਉਸਨੂੰ ਆਪਣੇ ਵੀਰ ਦਾ ਸੁਖ ਸੁਨੇਹਾ ਨਹੀਂ ਆਉਂਦਾ ਤਾਂ ਉਸਦਾ ਜਿਵੇਂ ਹੀ ਪੁੱਛਿਆ ਜਾਣਦਾ ਹੈ। ਇਕ ਸਿਆਣੀ ਮਾਂ ਵਾਂਗ ਆਪਣੇ ਵੀਰ ਨੂੰ ਨਸੀਹਤਾਂ ਕਰਦੀ ਹੋਈ ਉਹ ਕਹਿ ਉਠਦੀ ਹੈ-

**ਭੈਣਾਂ ਵਰਗਾ ਸਾਕ ਨਾ ਕੋਈ,**

**ਟੁੱਟ ਕੇ ਨਾ ਬਹਿ ਜੀਂ ਵੀਰਨਾ।**

ਭੈਣ ਨੂੰ ਆਪਣੇ ਵੀਰ ਦੇ ਅਹੁਦੇ 'ਤੇ ਵੀ ਕੋਈ ਘੱਟ ਮਾਣ ਨਹੀਂ ਹੁੰਦਾ। ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਬੜੇ ਫ਼ਖਰ ਨਾਲ ਉਹ ਦੱਸਦੀ ਹੈ-

**ਥਾਣੇਦਾਰ ਦੇ ਬਰੋਬਰ ਡਹਿੰਦੀ,**

**ਨੀ ਕੁਰਸੀ ਮੇਰੇ ਦੀ।**

# ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**



ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।

ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ। ਜ਼ਿੰਦਗੀ ਨੂੰ ਜਿਊਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਊਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਔਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਊਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਊਣ ਤੇ ਮਾਨਣ ਦਾ ਮਨੋਰਥ ਸਮਝਾਉਣਾ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼੍ਰੇਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਊਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

# ਸਮੇਂ ਦੀ ਧੂੜ ਵਿਚ ਗੁਆਚ ਰਹੇ ਪੇਂਡੂ ਕਿੱਤੇ

**ਰਾਜਵੰਤ ਕੌਰ ਪੰਜਾਬੀ (ਡਾ.)**

ਕਿੱਤਾ ਭਾਵੇਂ ਕੋਈ ਵੀ ਹੋਵੇ, ਉਸ ਦਾ ਸਿੱਧਾ ਸੰਬੰਧ ਮਨੁੱਖ ਦੀ ਉਪਜੀਵਕਾ ਨਾਲ ਹੀ ਜੁੜਿਆ ਹੋਇਆ ਹੈ। ਖੇਤੀ ਪੰਜਾਬੀਆਂ ਦਾ ਮੁੱਖ ਕਿੱਤਾ ਰਿਹਾ ਹੈ। ਬਹੁਤ ਸਾਰੇ ਕਿੱਤੇ ਦਸਤਕਾਰੀ, ਸਿਲਾਈ-ਕਢਾਈ, ਇਮਾਰਤਸਾਜ਼ੀ, ਚਿੱਤਰਕਲਾ ਆਦਿ ਨਾਲ ਵੀ ਸੰਬੰਧਿਤ ਹਨ। ਇਹ ਕਿੱਤੇ ਸਾਡੇ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਕੇ ਹੱਥੀਂ ਮਿਹਨਤ ਕਰਨ ਦੀ ਜਾਚ ਸਿਖਾਉਂਦੇ ਹਨ ਅਤੇ ਕੌਮ ਨੂੰ ਵਿਕਾਸਮਈ ਲੀਹਾਂ ਤੇ ਤੋਰਦੇ ਹਨ।

ਹਰ ਮਨੁੱਖ ਆਪੋ-ਆਪਣੀਆਂ ਲੋੜਾਂ ਜਾਂ ਘਰੇਲੂ ਸਥਿਤੀਆਂ ਅਨੁਸਾਰ ਕਿੱਤੇ ਦੀ ਵੰਡ ਜਾਂ ਚੋਣ ਕਰਦਾ ਰਿਹਾ ਹੈ। ਮਨੁੱਖ ਵੱਲੋਂ ਕਿੱਤਾ ਵੀ ਉਹੀ ਅਪਨਾਇਆ ਜਾਂਦਾ ਹੈ ਜਿਹੜਾ ਲਾਭਕਾਰੀ ਵੀ ਹੋਵੇ ਅਤੇ ਵਿਹਲੇ ਸਮੇਂ ਵਿਚ ਉਸ ਨੂੰ ਆਹਰੇ ਵੀ ਲਾਈ ਰੱਖੇ। ਅੱਜ ਨੌਕਰੀ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਪਰੰਤੂ ਕੋਈ ਸਮਾਂ ਸੀ ਜਦੋਂ ਨੌਕਰੀ ਨੂੰ ਨਖਿੱਧ ਗਿਣਿਆ ਜਾਂਦਾ ਸੀ। ਇਹ ਅਖਾਣ ਵੀ ਪੁਰਾਣੇ ਸਮਿਆਂ ਵਿਚ ਪ੍ਰਚਲਿਤ ਸੀ, 'ਉਤਮ ਖੇਤੀ, ਮੱਧਮ ਵਪਾਰ। ਨਖਿੱਧ ਚਾਕਰੀ, ਭੀਖ ਨਦਾਰ।'

ਉਤਮ ਸਮਝੀ ਜਾਂਦੀ ਖੇਤੀ ਦਾ ਕਾਰਜ ਵਰਤਮਾਨ ਆਰਥਿਕ ਸਥਿਤੀਆਂ ਵਿਚ ਨਖਿੱਧ ਤੇ ਘਾਟੇ ਵਾਲਾ ਸੌਦਾ ਬਣਦਾ ਜਾ ਰਿਹਾ ਹੈ ਅਤੇ ਨੌਕਰੀ ਨੂੰ ਸਰਵੋਤਮ ਸਥਾਨ ਮਿਲ ਰਿਹਾ ਹੈ। ਹਰ ਨੌਜਵਾਨ ਨੌਕਰੀ ਨੂੰ ਪਹਿਲ ਦਿੰਦਾ ਹੈ।

ਅੰਗਰੇਜ਼ਾਂ ਦੇ ਭਾਰਤ ਤੇ ਰਾਜ ਕਰਨ ਤੋਂ ਪਹਿਲਾਂ ਦਸਤਕਾਰੀ ਕਿੱਤੇ ਸਿਖਰ ਤੇ ਸਨ। ਪੰਜਾਬ ਵਿਚ ਪ੍ਰਚਲਿਤ ਕਿੱਤਿਆਂ ਵਿਚ ਫੁਲਕਾਰੀ ਕੱਢਣਾ ਅਤੇ ਵੇਚਿਆ ਜਾਣਾ ਵੀ ਮੁੱਖ ਰਹੇ ਹਨ। ਫੁਲਕਾਰੀ ਇਕ ਪ੍ਰਕਾਰ ਦੀ ਉਹ ਕਲਾਮਈ ਰਚਨਾ ਹੈ ਜਿਸ ਨੂੰ ਕੱਢਦਿਆਂ ਲੰਮਾਂ ਸਮਾਂ ਲੱਗਦਾ ਹੈ ਅਤੇ ਜਿਸ ਵਿਚ ਮੁਟਿਆਰਾਂ ਆਪਣੀਆਂ ਰੀਝਾਂ ਬੁਣਦੀਆਂ ਹਨ। ਹੁਣ ਤਾਂ ਫੁਲਕਾਰੀ ਦੀਆਂ ਗੱਲਾਂ ਸਿਰਫ਼ ਸੁਣਨ ਜਾਂ ਆਰਟ ਗੈਲਰੀਆਂ/ਅਜਾਇਬ ਘਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਜੇ ਕਦੇ ਭਾਬੀ ਵੱਲੋਂ ਆਪਣੀ ਨਣਦ ਨੂੰ ਫੁਲਕਾਰੀ ਵਰਗਾ ਕੀਮਤੀ ਤੋਹਫਾ ਦੇ ਦਿੱਤਾ ਜਾਵੇ ਤਾਂ ਫੇਰ ਗੱਲ ਹੀ ਕੀ ਹੈ? ਉਹ ਥਾਂ ਥਾਂ ਵੀਰ ਤੇ ਭਰਜਾਈ ਦੀਆਂ ਸਿਫ਼ਤਾਂ ਦੇ ਪੁੱਲ ਬੰਨ੍ਹਦੀ, ਝੂਮਦੀ-ਗਾਉਂਦੀ ਫਿਰਦੀ ਹੈ –

**ਵੀਰ ਮੇਰੇ ਨੇ ਕੁੜਤੀ ਦਿੱਤੀ, ਭਾਬੋ ਨੇ ਫੁਲਕਾਰੀ।**
**ਨੀ ਜੱਗ-ਜੁੱਗ ਜੀ ਭਾਬੋ, ਲੱਗੇ ਜਾਨ ਤੋਂ ਪਿਆਰੀ।**

ਫੁਲਕਾਰੀ ਦੇ ਨਾਲ ਹੀ ਦਰੀਆਂ ਤੇ ਖੇਸ ਬੁਣਨ ਦਾ ਰੁਝਾਨ ਵੀ ਮੱਠਾ ਪੈ ਰਿਹਾ ਹੈ। ਅੱਜ ਕੱਲ੍ਹ ਮਸ਼ੀਨੀ ਕਾਰਜ ਨੇ ਇਨ੍ਹਾਂ ਦੀ ਥਾਂ ਲੈ ਲਈ ਹੈ। ਮਸ਼ੀਨੀ ਦਰੀਆਂ ਤੇ ਖੇਸ ਹੌਲੇ ਤੇ ਹਲਕੇ ਡਿਜ਼ਾਇਨਾਂ ਵਾਲੇ ਹੁੰਦੇ ਹਨ ਜਦੋਂ ਕਿ ਹੱਥੀਂ ਬਣੀਆਂ ਦਰੀਆਂ ਵਿਚ ਖਰਗੋਸ਼, ਮੱਛੀਆਂ, ਫਲ, ਫੁੱਲ, ਮੋਰ ਅਤੇ ਬਾਗ਼ ਕਚਹਿਰੀ ਆਦਿ ਦੇ ਦ੍ਰਿਸ਼ ਪਾ ਕੇ ਦਰੀਆਂ ਵਿਚ ਜਾਨ ਪਾਉਣ ਵਾਲੀ ਗੱਲ ਕੀਤੀ ਹੁੰਦੀ ਹੈ। ਇਹ ਦਰੀਆਂ ਭਾਰੀਆਂ ਹੁੰਦੀਆਂ ਸਨ ਜੋ ਬਹੁਤ ਲੰਮਾ ਸਮਾਂ ਘਸਦੀਆਂ ਅਤੇ ਫਟਦੀਆਂ ਨਹੀਂ ਸਨ। ਅਜਿਹੀਆਂ ਦਰੀਆਂ ਉਪਰ ਵਧੀਆ ਬੰਬਲ ਤੇ ਜੰਜ਼ੀਰੀਦਾਰ ਜਾਲੀ ਬਣਾਉਣੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਸੀ। ਇਸ ਕਰਕੇ ਇਸ ਨੂੰ ਬਹੁਤ ਮਿਹਨਤ ਵਾਲਾ ਕਾਰਜ ਸਮਝਿਆ ਜਾਂਦਾ ਸੀ।

ਵਰਤਮਾਨ ਯੁੱਗ ਵਿਚ ਗਹਿਣੇ ਬਣਾਉਣ ਦਾ ਕੰਮ ਵੀ ਪਹਿਲਾਂ ਨਾਲੋਂ ਵਧੇਰੇ ਮਸ਼ੀਨੀ ਹੋ ਗਿਆ ਹੈ। ਨਵੇਂ-ਨਵੇਂ ਡਿਜ਼ਾਇਨਾਂ ਦੇ ਜਿਹੜੇ ਪਹਿਲਾਂ ਠੱਪੇ ਬਣਦੇ ਸਨ, ਉਨ੍ਹਾਂ ਦੀ ਥਾਂ ਹੁਣ ਮਸ਼ੀਨਾਂ ਨੇ ਲੈ ਲਈ ਹੈ ਜਿਸ ਕਾਰਨ ਕੰਮ ਕਰਨ ਦੀ ਗਤੀ ਤੇਜ਼ ਹੋਈ ਹੈ। ਅੱਜ ਸੱਗੀ ਫੁੱਲ, ਹੱਸ, ਕੈਂਠੇ, ਰਾਣੀ ਹਾਰ ਆਦਿ ਗਹਿਣੇ ਘੱਟ ਹੀ ਵੇਖਣ ਨੂੰ ਮਿਲਦੇ ਹਨ। ਸੱਗੀ ਫੁੱਲ ਤੇ ਕੈਂਠੇ ਸਿਰਫ਼ ਸਭਿਆਚਾਰਕ ਪ੍ਰੋਗਰਾਮਾਂ ਜਿਵੇਂ ਗਿੱਧੇ ਅਤੇ ਭੰਗੜੇ ਵਿਚ ਮੁਟਿਆਰਾਂ ਤੇ ਗੱਭਰੂਆਂ ਵੱਲੋਂ ਪਹਿਨੇ ਜਾਂਦੇ ਹਨ। ਕਿਸੇ ਵੇਲੇ ਜੇ ਮਾਹੀ ਕੈਂਠਾ ਕਰਾਉਣ ਦੀ ਗੱਲ ਤੋਰਦਾ ਸੀ ਤਾਂ ਉਸ ਦੀ ਨਾਰ ਵੀ ਛੋਟੇ ਮੋਟੇ ਗਹਿਣੇ ਦੀ ਮੰਗ ਨਹੀਂ ਸੀ ਕਰਦੀ ਸਗੋਂ ਹੱਸ ਕਰਾਉਣ ਦੀ ਫ਼ੁਰਮਾਇਸ਼ ਕਰਦੀ ਸੀ –

**ਜੇ ਮੁੰਡਿਆਂ ਤੂੰ ਕੈਂਠਾ ਵੇ ਕਰਾਉਣਾ,**
**ਮੈਨੂੰ ਵੀ ਕਰਾ ਦੇ ਹੱਸ ਮੁੰਡਿਆ,**
**ਨਹੀਂ ਦੇਊ ਘਰਦਿਆਂ ਨੂੰ ਦੱਸ ਮੁੰਡਿਆ।**

ਅੱਜਕੱਲ੍ਹ ਦੇ ਗਹਿਣਿਆਂ ਦਾ ਕਿੱਤਾ ਕਰਨ ਵਾਲੇ ਵਿਅਕਤੀਆਂ (ਸੁਨਿਆਰ-ਜਾਤੀ) ਕੋਲੋਂ ਕੋਈ ਵਿਰਲਾ ਟਾਵਾਂ ਵਿਅਕਤੀ ਹੀ ਇਹ ਗਹਿਣੇ ਬਣਵਾਉਂਦਾ ਹੈ। ਹਾਂ, ਕਿਸੇ ਬਜ਼ੁਰਗ ਔਰਤ ਦੇ ਸੰਦੂਕ/ਪੇਟੀ ਵਿਚੋਂ ਇਨ੍ਹਾਂ ਦੁਰਲਭ ਗਹਿਣਿਆਂ ਦੇ ਦਰਸ਼ਨ ਹੋ ਸਕਦੇ ਹਨ।

ਘਰੇਲੂ ਔਰਤਾਂ ਦੇ ਕਿੱਤਿਆਂ ਨੂੰ ਵਿਗਿਆਨਕ ਯੁੱਗ ਅਤੇ ਮਨੁੱਖ ਅੰਦਰ ਵਧ ਰਹੀ ਤੇਜ਼ੀ ਨੇ ਕਾਫੀ ਸੱਟ ਮਾਰੀ ਹੈ। ਬਿਜਲਈ ਚੱਕੀਆਂ ਦੀ ਹੋਂਦ ਤੋਂ ਪਹਿਲਾਂ ਔਰਤ ਚੱਕੀ ਪੀਹ ਪੀਹ ਕੇ ਜਿਥੇ ਆਪਣਾ ਅਤਿ ਜ਼ਰੂਰੀ ਕਾਰਜ ਕਰਦੀ ਰਹਿੰਦੀ ਸੀ ਉਥੇ ਉਸ ਦੀ ਸਰੀਰਕ ਕਸਰਤ ਵੀ ਹੁੰਦੀ ਰਹਿੰਦੀ ਸੀ ਪਰ ਆਟੇ ਵਾਲੀਆਂ ਬਿਜਲਈ ਚੱਕੀਆਂ ਦੇ ਬਣ ਜਾਣ ਕਾਰਨ ਹੱਥ ਨਾਲ ਚੱਲਣ ਵਾਲੀਆਂ ਚੱਕੀਆਂ ਹੁਣ ਘਰਾਂ ਦੇ ਖੱਲਾਂ-ਖੂੰਜਿਆਂ ਵਿਚ ਪਈਆਂ ਪਈਆਂ ਦਮ ਤੋੜ ਰਹੀਆਂ ਹਨ ਜਦੋਂ ਕਿ ਆਧੁਨਿਕ ਚੱਕੀਆਂ ਰਾਹੀਂ ਪੀਸਿਆ ਮੈਦੇ ਵਰਗਾ ਆਟਾ ਖਾ ਖਾ ਮਨੁੱਖ ਆਪਣੇ ਆਪ ਨੂੰ ਰੋਗੀ ਹੀ ਤਾਂ ਬਣਾ ਰਿਹਾ ਹੈ। ਉਖਲੀ ਵਿਚ ਦਾਣੇ ਅਤੇ ਚੌਲ ਕੁੱਟਣ ਦੀ ਰੁਚੀ ਵੀ ਖਤਮ ਹੋ ਗਈ ਹੈ। ਵੈਦਾਂ ਅਨੁਸਾਰ ਘਰੇਲੂ ਚੱਕੀਆਂ ਰਾਹੀਂ ਤਿਆਰ ਕੀਤਾ ਅੰਨ ਮਨੁੱਖ ਨੂੰ ਤਾਕਤ ਦਿੰਦਾ ਹੈ ਅਤੇ ਸਰੀਰਕ ਤੰਦਰੁਸਤੀ ਵਧਾਉਂਦਾ ਹੈ ਪਰ ਇਹ ਕਿੱਤਾ ਵੀ ਹੁਣ ਸੁਪਨਾ ਬਣ ਕੇ ਰਹਿ ਗਿਆ ਹੈ।

ਨਾਲੇ ਅਤੇ ਨਵਾਰ ਬੁਣਨ ਦਾ ਕੰਮ ਵੀ ਵਰਤਮਾਨ ਮਸ਼ੀਨੀਕਰਨ ਅਤੇ ਉਦਯੋਗੀਕਰਨ ਵਰਗੇ ਰੁਝਾਨਾਂ ਦੀ ਭੇਂਟ ਚੜ੍ਹਦਾ ਜਾ ਰਿਹਾ ਹੈ। ਇਹ ਦੋਵੇਂ ਸਸਤੇ ਪ੍ਰਕਾਰ ਦੇ ਕਿੱਤੇ ਸਨ ਪ੍ਰੰਤੂ ਇਨ੍ਹਾਂ ਵਿਚ ਔਰਤਾਂ ਕਾਫੀ ਮਿਹਨਤ ਕਰਕੇ ਕਮਾਈ ਕਰਦੀਆਂ ਸਨ। ਅਜੋਕੇ ਪ੍ਰਸੰਗ ਵਿਚ ਪਲਾਸਟਿਕ ਦੀਆਂ ਨਵਾਰਾਂ, ਫੋਲਡਿੰਗ ਬੈਡਾਂ ਦਾ ਸ਼ਿੰਗਾਰ ਬਣ ਰਹੀਆਂ ਹਨ। ਜਿਥੇ ਘਰ ਦੀਆਂ ਬਣਾਈਆਂ ਸੂਤੀ ਨਵਾਰਾਂ ਪੰਦਰਾਂ-ਪੰਦਰਾਂ, ਵੀਹ-ਵੀਹ ਸਾਲ ਕਿਤੇ ਨਹੀਂ ਸਨ ਜਾਂਦੀਆਂ ਉਥੇ ਅੱਜ ਦੀਆਂ ਨਵਾਰਾਂ ਚਾਲ ਸਾਲ ਵੀ ਨਹੀਂ ਕੱਢਦੀਆਂ। ਮਸ਼ੀਨਾਂ ਦੁਆਰਾ ਨਕਲੀ ਅਤੇ ਘੱਟ ਚੱਲਣ ਵਾਲੀਆਂ ਵਸਤਾਂ ਵਧੇਰੇ ਬਣਨ ਲੱਗ ਪਈਆਂ ਹਨ।

ਟੋਕਰੀਆਂ ਤੇ ਟੋਕਰੇ ਬਣਾ ਕੇ ਉਪਜੀਵਕਾ ਕਮਾਉਣਾ ਵੀ ਕਲਾਮਈ ਕਿੱਤਿਆਂ ਵਿਚੋਂ ਇਕ ਰਿਹਾ ਹੈ। ਤੂਤ ਦੀਆਂ ਲੰਮੀਆਂ ਛਟੀਆਂ ਇਸ ਕਾਰਜ ਲਈ ਵਰਤੀਆਂ ਜਾਂਦੀਆਂ ਹਨ। ਪਿੰਡਾਂ ਵਿਚ ਵਿਰਲੇ ਟਾਵੇਂ ਵਿਅਕਤੀ ਹੀ ਇਸ ਫ਼ਨ ਵਿਚ ਮਾਹਿਰ ਹੁੰਦੇ ਸਨ। ਇਸ ਵਿਚ ਮਿਹਨਤ ਕਾਫੀ ਹੁੰਦੀ ਹੈ ਪ੍ਰੰਤੂ ਆਮਦਨ ਬਹੁਤੀ ਨਹੀਂ ਹੁੰਦੀ। ਅੱਜਕਲ੍ਹ ਇਨ੍ਹਾਂ ਦੀ ਥਾਂ ਲੋਹੇ ਦੇ ਬੱਠਲਾਂ (ਤਸਲਿਆਂ) ਨੇ ਲੈ ਲਈ ਹੈ। ਰਸੋਈ ਵਿਚ ਬਰਤਨ ਰੱਖਣ ਲਈ ਲੋਹੇ ਦੇ ਜਾਲੀਦਾਰ ਟੋਕਰੇ ਜਾਂ ਸਟੀਲ ਦੇ ਸਟੈਂਡ ਵਰਤੇ ਜਾਣ ਲੱਗ ਪਏ ਹਨ। ਘਰ ਵਿਚ ਸਬਜ਼ੀਆਂ ਆਦਿ ਰੱਖਣ ਲਈ ਪਲਾਸਟਿਕ ਦੀਆਂ ਟੋਕਰੀਆਂ ਵਰਤੀਆਂ ਜਾਣ ਲੱਗ ਪਈਆਂ ਹਨ। ਇਸ ਕਰਕੇ ਪਿੰਡਾਂ ਵਿਚ ਵਿਰਲੇ ਹੀ ਲੋਕ ਰਹਿ ਗਏ ਹਨ ਜਿਹੜੇ ਇਹ ਕਿੱਤਾ ਕਰ ਰਹੇ ਹਨ ਕਿਉਂਕਿ ਪਸ਼ੂ ਰੱਖਣ ਵਾਲੇ ਲੋਕ ਇਨ੍ਹਾਂ ਟੋਕਰਿਆਂ ਦੀ ਅਜੇ ਵੀ ਵਰਤੋਂ ਕਰਦੇ ਹਨ।

ਆਵਾਜਾਈ ਦੇ ਤੇਜ਼ੀ ਨਾਲ ਵਿਕਸਿਤ ਹੋਏ ਵੱਖ-ਵੱਖ ਸਾਧਨਾਂ ਨੇ ਤਾਂਗਾ, ਬੱਘੀਆਂ ਆਦਿ ਚਲਾਉਣ ਦਾ ਕਿੱਤਾ ਵੀ ਖੋਹ ਲਿਆ ਹੈ। ਰੇਲ ਗੱਡੀ, ਇਸ ਸਿਲਸਿਲੇ ਵਿਚ ਪ੍ਰਮੁੱਖ ਸਾਧਨ ਬਣ ਕੇ ਸਾਹਮਣੇ ਆਈ ਹੈ, ਜਿਹੜੀ ਹਜ਼ਾਰਾਂ ਲੋਕਾਂ ਨੂੰ ਇਕੋ ਵਾਰ ਦੂਰ ਲਿਜਾਣ ਦੇ ਸਮਰੱਥ ਹੈ। ਇਸ ਨਾਲ ਸੈਂਕੜੇ ਵਿਅਕਤੀ ਬੇਰੁਜ਼ਗਾਰ ਵੀ ਹੋਏ ਹਨ। ਤਾਂਗੇ, ਪਿੰਡ ਦੇ ਲੋਕਾਂ ਦਾ ਉਹ ਸਸਤਾ ਸਾਧਨ ਹਨ ਜਿਹੜੇ ਨੇੜੇ ਦੇ ਸ਼ਹਿਰ ਦੇ ਬੱਸ ਅੱਡਿਆਂ ਜਾਂ ਸਟੇਸ਼ਨਾਂ ਆਦਿ ਤੋਂ ਸਵਾਰੀਆਂ ਢੋਂਦੇ ਹਨ ਪਰ ਅੱਜਕਲ੍ਹ ਇਹ ਕਿੱਤਾ ਵੀ ਪਤਨ ਵੱਲ ਜਾ ਰਿਹਾ ਹੈ। ਸੰਤੋਖ ਸਿੰਘ ਧੀਰ ਦੀ ਚਰਚਿਤ ਕਹਾਣੀ 'ਕੋਈ ਇਕ ਸਵਾਰ' ਇਸੇ ਕਿੱਤਈ ਪਰਿਵਰਤਨ ਵੱਲ ਸੰਕੇਤ ਕਰਦੀ ਹੈ।

ਵਿਆਹੁਲੀ ਮੁਟਿਆਰ ਨੂੰ 'ਰੱਥ ਗੱਡੀ' ਰਾਹੀਂ ਲਿਆਉਣ ਦਾ ਰੁਝਾਨ ਕਦੇ ਬਹੁਤ ਪ੍ਰਸਿੱਧ ਰਿਹਾ ਹੈ। ਭਾਵੇਂ ਕਹਾਰ ਡੋਲੀ ਚੁੱਕਣ ਦਾ ਧੰਦਾ ਕਰਦੇ ਸਨ ਪਰ ਡੋਲੀ ਤੋਂ ਇਲਾਵਾ 'ਰੱਥ ਗੱਡੀ' ਦਾ ਇਸਤੇਮਾਲ ਵੀ ਇਸੇ ਮਨੋਰਥ ਲਈ ਹੁੰਦਾ ਸੀ। ਮੁਟਿਆਰ ਦੇ ਓਹਲੇ ਵਾਸਤੇ ਇਸ ਰੱਥ ਗੱਡੀ ਦੇ ਅੱਗੇ ਪਿੱਛੇ ਪਰਦੇ ਵੀ ਲੱਗੇ ਹੁੰਦੇ ਸਨ। ਇਹ ਆਰਾਮਦਾਇਕ ਤਾਂ ਹੁੰਦੀ ਹੀ ਸੀ ਨਾਲ ਹੀ ਵਿਆਹੁਲੀ ਮੁਟਿਆਰ ਪ੍ਰਤੀ ਵੇਖਣ ਵਾਲਿਆਂ ਦੀ ਉਤਸੁਕਤਾ ਵੀ ਵਧਾਉਂਦੀ ਸੀ। ਅਜੋਕੀਆਂ ਮਾਰੂਤੀ ਕਾਰਾਂ ਨੇ ਹੁਣ ਇਹ ਕਿੱਤਾ ਖੁਦ ਸਾਂਭ ਲਿਆ ਹੈ। 'ਰੱਥ ਗੱਡੀ' ਹੁਣ ਡੋਲੀ ਵਾਂਗ ਬੀਤੇ ਦਿਨਾਂ ਦੀ ਬਾਤ ਬਣ ਕੇ ਰਹਿ ਗਈ ਹੈ।

**ਮੇਰੀ ਡੋਲੀ ਨੂੰ ਲਗੜੇ ਹੀਰੇ ਨੀ ਮਾਂ,**
**ਮੈਨੂੰ ਵਿੱਦਿਆ ਕਰਨ ਮੇਰੇ ਵੀਰੇ ਨੀ ਮਾਂ।**
**ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,**
**ਰਵ੍ਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ।**

ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਖੱਦਰ ਘਰਾਂ ਵਿਚ ਤਿਆਰ ਕੀਤਾ ਜਾਂਦਾ ਸੀ ਪਰ ਅੰਗਰੇਜ਼ਾਂ ਦੀ ਆਮਦ ਨਾਲ ਕੱਪੜਾ ਬਣਾਉਣ ਦੇ ਕਾਰਖਾਨੇ ਹੋਂਦ ਵਿਚ ਆ ਗਏ। ਖੱਦਰ, ਘਰ ਵਿਚ ਤਿਆਰ ਕਰਨ ਲਈ ਚਰਖਿਆਂ ਦੀ ਲੋੜ ਪੈਂਦੀ ਸੀ। ਟਾਹਲੀ ਦੇ ਬਣੇ ਚਰਖੇ ਨੂੰ ਵਧੀਆ ਮੰਨਿਆ ਜਾਂਦਾ ਸੀ। ਕਿੱਕਰ ਦੀ ਲੱਕੜ ਭਾਰੀ ਮੰਨੀ ਜਾਂਦੀ ਸੀ। ਜੇ ਕਿਸੇ ਨਾਰ ਦਾ ਚਰਖਾ ਕਿੱਕਰ ਦਾ ਹੁੰਦਾ ਤਾਂ ਉਹ ਆਪਣਾ ਦੁੱਖ ਆਪਣੇ ਕੰਤ ਨੂੰ ਇਉਂ ਦੱਸਦੀ ਸੀ-

**ਚਰਖਾ ਮੇਰਾ ਕਿੱਕਰ ਦਾ, ਤੂੰ ਟਾਹਲੀ ਦਾ ਬਣਵਾ ਦੇ।**
**ਚਰਖਾ ਮੇਰਾ ਭਾਰਾ ਗਿੜਦਾ, ਛੱਤੀ ਮਾਹਲਾਂ ਖਾਵੇ।**
**ਹਾਣ ਦੀਆਂ ਤਾਂ ਕੱਤ ਕੇ ਸੌਂ ਗੀਆਂ, ਮੈਥੋਂ ਕੱਤਿਆ ਨਾ ਜਾਵੇ।**
**ਚਰਖਾ ਬੂ ਚੰਦਰਾ, ਅੱਲ੍ਹੜਾਂ ਦੀ ਨੀਂਦ ਗੁਆਵੇ।**

ਬੋਹੀਏ, ਮੂਹੜੇ, ਸਰਪੋਸ ਅਤੇ ਖੇਤੀ ਪ੍ਰਧਾਨ ਦੇਸੀ ਸੰਦ ਹਲ ਪੰਜਾਲੀ ਆਦਿ ਦੀ ਮੰਗ ਪਹਿਲਾਂ ਵਾਲੀ ਨਹੀਂ ਰਹੀ। ਖੇਤੀ ਦੇ ਵੱਡੇ ਅਤੇ ਦੇਸੀ ਸਾਧਨਾਂ ਦੀ ਥਾਂ ਹੁਣ ਟਰੈਕਟਰ, ਬਿਜਲਈ ਮੋਟਰਾਂ, ਹਾਰਵੈਸਟਰਾਂ, ਕੰਬਾਈਨਾਂ, ਥਰੈਸ਼ਰਜ਼ ਆਦਿ ਨੇ ਲੈ ਲਈ ਹੈ, ਜਿਸ ਕਰਕੇ ਦੇਸੀ ਸੰਦ ਬਣਾਉਣ ਵਾਲੇ ਲੋਕਾਂ ਦਾ ਉਤਸ਼ਾਹ ਮੱਠਾ ਪੈ ਗਿਆ ਹੈ।

ਹੱਥਾਂ, ਬਾਹਾਂ, ਪੱਟਾਂ, ਮੱਥੇ, ਛਾਤੀ, ਠੋਡੀ ਉੱਤੇ ਭਾਵ ਪੰਜਾਬੀਆਂ ਵੱਲੋਂ ਮੂੰਹ ਜਾਂ ਸਰੀਰ ਦੇ ਕਿਸੇ ਅੰਗ ਉਤੇ ਸੂਈ ਤੇ ਸੁਰਮੇ ਨਾਲ ਨਾਂ, ਬਿੰਦੀਆਂ, ਮੋਰ, ਤਿਲ ਜਾਂ ਮਨ-ਭਾਉਂਦੀਆਂ ਚੀਜ਼ਾਂ ਉਕਰਾਉਣਾ ਪੰਜਾਬੀ ਜਨ ਜੀਵਨ ਦੇ ਚੇਟਕਾਂ ਵਿਚ ਸ਼ਾਮਲ ਰਿਹਾ ਹੈ। ਇਨ੍ਹਾਂ ਨੂੰ ਤੋਤਲੇ, ਤਦੋਲੇ ਜਾਂ ਬਿੰਦ ਖਟੋਲੇ ਕਿਹਾ ਜਾਂਦਾ ਹੈ। ਬਿੰਦ ਖਟੋਲੇ ਬਣਾਉਣ ਵਾਲੇ ਕਿੱਤਾਕਾਰ ਸੁਰਮੇ ਨੂੰ ਮੱਖਣ ਵਿਚ ਰਲਾ ਕੇ ਸੂਈ ਨਾਲ ਜਿਸਮ ਤੇ ਚਿੱਤਰ ਬਣਾ ਦਿੰਦੇ ਹਨ। ਫਿਰ ਉਸ ਉਪਰ ਸੁਰਮੇ ਤੇ ਮੱਖਣ ਦਾ ਲੇਪ ਲਗਾ ਦਿੰਦੇ ਹਨ। ਜ਼ਖ਼ਮ ਭਰਨ ਉਪਰੰਤ ਬਿੰਦ-ਖਟੋਲੇ ਉਘੜ ਆਉਂਦੇ ਹਨ। ਇਹ ਲੋਕ ਸ਼ਿੰਗਾਰ ਦਾ ਅੰਗ ਰਹੇ ਹਨ।

ਮਸ਼ੀਨੀ ਕਲਮ ਨਾਲ ਕੁਝ ਨਾ ਕੁਝ ਉਕਰਾਉਣ ਵਾਲੇ ਨੱਢੇ-ਨੱਢੀਆਂ ਮੇਲਿਆਂ-ਮੁਸਾਹਬਿਆਂ ਵਿਚ ਇਸ ਕਿੱਤੇ ਦੇ ਧਾਰਨੀ ਵਿਅਕਤੀ ਵੱਲ ਖੁਦ-ਬ-ਖੁਦ ਖਿੱਚੇ ਆਉਂਦੇ ਸਨ। ਇਸ ਪ੍ਰਕਾਰ ਕਿੱਤਾਕਾਰ ਵੱਲੋਂ ਉਕਰੇ ਨਾਂ-ਨਿਸ਼ਾਨ ਮਨੁੱਖ ਦੇ ਸਰੀਰ ਤੋਂ ਮਰਦੇ ਦਮ ਤੱਕ ਖਤਮ ਨਹੀਂ ਹੁੰਦੇ ਪਰ ਜਿਉਂ-ਜਿਉਂ ਆਧੁਨਿਕੀਕਰਨ ਦਾ ਰੁਝਾਨ ਪੰਜਾਬੀ ਸੱਭਿਆਚਾਰ ਨੂੰ ਜਕੜਦਾ ਜਾ ਰਿਹਾ ਹੈ ਤਿਉਂ-ਤਿਉਂ ਇਸ ਕਿੱਤੇ ਤੇ ਉਪਜੀਵਕਾ ਕਮਾਉਣ ਵਾਲੇ ਇਸ ਕਿੱਤੇ ਨੂੰ ਛੱਡ ਕੇ ਹੋਰ ਕਿੱਤੇ ਅਪਨਾਉਣ ਲਈ ਮਜ਼ਬੂਰ ਹੋ ਰਹੇ ਹਨ। ਅੱਜ ਏਡਜ਼ ਦੀ ਬੀਮਾਰੀ ਦੇ ਡਰ ਕਾਰਨ ਨੌਜਵਾਨ ਸਰੀਰ ਤੇ ਨਾਂ ਜਾਂ ਹੋਰ ਕਲਾਤਮਕ ਵਸਤਾਂ ਉਕਰਾਉਣ ਤੋਂ ਪਿੱਛੇ ਹੱਟ ਗਏ ਹਨ। ਇਸ ਕਰਕੇ ਮੇਲਿਆਂ ਵਿਚ ਇਹ ਕਿੱਤਾ ਕਰਨ ਵਾਲੇ ਨਾਮਾਤਰ ਹੀ ਦਿਖਾਈ ਦਿੰਦੇ ਹਨ। ਕਬੀਲਿਆਂ ਦੇ ਲੋਕ ਤੰਦੋਲੇ ਭੂਤ-ਪ੍ਰੇਤਾਂ ਤੇ ਬੁਰੀ ਨਜ਼ਰ ਦੇ ਪ੍ਰਭਾਵ ਤੋਂ ਬਚਣ ਲਈ ਉਕਰਾਉਂਦੇ ਸਨ।

ਪੱਖੀਆਂ ਬੁਣਨ ਦਾ ਕੰਮ ਅਜੇ ਕੁਝ ਹੋਂਦ ਵਿਚ ਹੈ ਕਿਉਂਕਿ ਬਿਜਲੀ ਜਾਣ ਸਮੇਂ ਇਹੀ ਪੱਖੀਆਂ ਸਾਡੀ ਲੋੜ ਪੂਰੀ ਕਰਦੀਆਂ ਹਨ। ਜਿਨ੍ਹਾਂ ਘਰਾਂ ਵਿਚ ਜਨਰੇਟਰ ਜਾਂ ਇਨਵਰਟਰ ਲੱਗੇ ਹੋਏ ਹਨ ਉਨ੍ਹਾਂ ਤੋਂ ਬਿਨਾਂ ਬਾਕੀਆਂ ਲਈ ਗਰਮੀਆਂ ਵਿਚ ਬਿਜਲੀ ਜਾਣ ਤੇ ਪੱਖੀਆਂ ਵਰਤਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ। ਵੈਸੇ ਪਿਛਲੇ ਦਹਾਕੇ ਤੱਕ ਪੱਖੀਆਂ ਬੜੇ ਚਾਅ ਅਤੇ ਰੀਝਾਂ ਨਾਲ ਬੁਣੀਆਂ ਜਾਂਦੀਆਂ ਸਨ। ਮਲਮਲ, ਰਿਬਨ, ਸਿਤਾਰੇ, ਮੋਤੀ, ਘੁੰਗਰੂ, ਫੁੱਲ-ਬੂਟੇ ਆਦਿ ਪਾ ਕੇ ਪੱਖੀਆਂ ਨੂੰ ਖ਼ੂਬ ਸਜਾਇਆ ਜਾਂਦਾ ਸੀ ਪਰੰਤੂ ਅੱਜਕਲ੍ਹ ਡੰਗ-ਟਪਾਊ ਕੰਮ ਹੀ ਕੀਤਾ ਜਾਂਦਾ ਹੈ। ਡੰਡੀ ਤੇ ਲੱਗੀਆਂ ਸ਼ੀਸ਼ੇ ਵਾਲੀਆਂ ਪੱਖੀਆਂ ਘੱਟ ਹੀ ਨਜ਼ਰ ਆਉਂਦੀਆਂ ਹਨ। ਅਜੋਕੇ ਸਮੇਂ ਵਿਚ ਬਾਂਸ, ਮੋਰ ਦੇ ਖੰਭਾਂ ਅਤੇ ਪਲਾਸਟਿਕ ਵਾਲੀਆਂ ਪੱਖੀਆਂ ਵੀ ਬਣਨ ਲੱਗ ਪਈਆਂ ਹਨ। ਇਨ੍ਹਾਂ ਪੱਖੀਆਂ ਦੀ ਹਵਾ ਬਹੁਤੀ ਨਹੀਂ ਹੁੰਦੀ ਪਰ ਲੋਹੇ ਦੇ ਸਟੈਂਡ ਅਤੇ ਲੱਕੜ ਦੀ ਡੰਡੀ ਵਾਲੀਆਂ ਪੱਖੀਆਂ ਉਤੇ ਝਾਲਰਾਂ ਅਜੇ ਵੀ ਲਾਈਆਂ ਜਾਂਦੀਆਂ ਹਨ ਕਿਉਂਕਿ ਭਾਰੀ ਝਾਲਰ ਵਾਲੀਆਂ ਪੱਖੀਆਂ ਦੀ ਹਵਾ ਬਹੁਤ ਆਉਂਦੀ ਹੈ। ਇਹ ਪੱਖੀਆਂ ਵਧੇਰੇ ਹਵਾ ਦੇਣ ਦੇ ਨਾਲ-ਨਾਲ ਸੁੰਦਰ ਵੀ ਵਿਖਾਈ ਦਿੰਦੀਆਂ ਹਨ। ਕਿਸੇ ਮੁਟਿਆਰ ਦੀ ਮਖ਼ਮਲ ਦੀ ਘੁੰਗਰੂਆਂ ਵਾਲੀ ਪੱਖੀ ਲੈਣ ਦੀ ਤਾਂਘ ਇਸ ਗੀਤ ਵਿਚੋਂ ਪ੍ਰਤੱਖ ਉਜਾਗਰ ਹੁੰਦੀ ਹੈ –

**ਵੇ ਲੈ ਦੇ ਮੈਨੂੰ ਮਖ਼ਮਲ ਦੀ, ਪੱਖੀ ਘੁੰਗਰੂਆਂ ਵਾਲੀ।**

ਅਨੇਕ ਪ੍ਰਕਾਰ ਦੇ ਪੇਂਡੂ ਕਿੱਤਿਆਂ ਦੇ ਖਤਮ ਹੋਣ ਕਰਕੇ ਪੰਜਾਬੀ ਔਰਤਾਂ ਵਿਚ ਉਦਾਸੀਨਤਾ ਦਾ ਭਾਵ ਪੈਦਾ ਹੋ ਰਿਹਾ ਹੈ ਕਿਉਂਕਿ ਪਹਿਲਾਂ ਇਨ੍ਹਾਂ ਕਿੱਤਿਆਂ ਵਿਚ ਪੇਂਡੂ ਸੁਆਣੀ ਰੁੱਝੀ ਰਹਿੰਦੀ ਸੀ। ਇਹ ਰੁਝੇਂਵੇ ਪਰਸਪਰ ਸਾਂਝ ਵੀ ਬਣਾਈ ਰੱਖਦੇ ਸਨ ਅਤੇ ਇਕੱਠੀਆਂ ਕੰਮ ਕਰਦੀਆਂ ਸੁਆਣੀਆਂ ਦਾ ਮਨੋਰੰਜਨ ਵੀ ਕਰਦੇ ਸਨ।

ਬਿਨ੍ਹਾਂ ਸ਼ੱਕ ਪੰਜਾਬੀ ਸਮਾਜ ਦੇ ਪੇਂਡੂ ਕਿੱਤੇ ਖਤਮ ਹੁੰਦੇ ਜਾ ਰਹੇ ਹਨ ਅਤੇ ਮੱਖੀਆਂ ਪਾਲਣ, ਮੁਰਗੀ ਪਾਲਣ, ਸੂਰ ਪਾਲਣ ਅਤੇ ਮੱਛੀ ਪਾਲਣ ਆਦਿ ਵਰਗੇ ਕਿੱਤੇ ਨਵੀਨ ਸਿੱਖਿਆ ਦੇ ਪ੍ਰਭਾਵ ਅਧੀਨ ਵਧਦੇ ਜਾ ਰਹੇ ਹਨ। ਇਸ ਤੱਥ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵਿਸਰ ਗਏ ਜਾਂ ਵਿਸਰ ਰਹੇ ਪੇਂਡੂ ਕਿੱਤਿਆਂ ਦੀ ਯਾਦ ਹਮੇਸ਼ਾ ਲਈ ਸਾਡੇ ਮਨਾਂ ਵਿਚ ਉਕਰੀ ਰਹੇਗੀ। ਪੁਰਾਤੱਤਵ ਅਤੇ ਸਭਿਆਚਾਰਕ ਵਿਭਾਗਾਂ ਵੱਲੋਂ ਇਨ੍ਹਾਂ ਕਿੱਤਿਆਂ ਨਾਲ ਸੰਬੰਧਤ ਸੰਦਾਂ ਅਤੇ ਉਨ੍ਹਾਂ ਤੋਂ ਬਣੀਆਂ ਵਸਤਾਂ ਨੂੰ ਸੰਭਾਲਿਆ ਜਾਣਾ ਬਹੁਤ ਜ਼ਰੂਰੀ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇਸ ਅਨਮੋਲ ਵਿਰਾਸਤ ਬਾਰੇ ਦੱਸਿਆ ਜਾ ਸਕੇ।

**ਧੰਨਵਾਦ ਸਹਿਤ ਪੁਸਤਕ 'ਰੰਗਲਾ ਪੰਜਾਬ ਮੇਰਾ' 'ਚੋਂ**

ਕਹਾਣੀ

# ਕੱਦਾਵਰ

ਬੀ.ਐਸ. ਬੀਰ

ਜਦੋਂ ਵੀ ਉਹ ਗਲੀਆਂ ਬਾਜ਼ਾਰਾਂ ਵਿੱਚੋਂ ਲੰਘਦਾ, ਉਸ ਦੇ ਹੱਥ ਵਿੱਚ ਬੈਂਤ ਦੀ ਲੰਮੀ ਪਤਲੀ ਛੜੀ ਹੁੰਦੀ ਹੈ ਤੇ ਕੁੱਝ ਲੋਕ ਉਸ ਨੂੰ ਵੇਖਦਿਆਂ ਹੀ 'ਆੜੂ ਓਏ, ਪ੍ਰੋਫੈਸਰ ਆੜੂ ਓਏ... ਆੜੂ ਪ੍ਰੋਫੈਸਰ ਓਏ' ਆਖ ਚਿੜ੍ਹਾਉਂਦੇ। ਜ਼ਿਆਦਾ ਚਿੜਾਉਣ ਵਾਲੇ ਮੁੰਡੇ-ਖੁੰਡੇ ਹੁੰਦੇ, ਬਹੁਤੇ ਸਕੂਲ ਵਿੱਚ ਪੜ੍ਹਨ ਵਾਲੇ ਤੇ ਕੁੱਝ ਕਾਲਜ ਪੜ੍ਹਨ ਵਾਲੇ ਮੁੱਛ-ਫੁੱਟ ਗੱਭਰੂ ਵੀ। ਉਹ ਬੈਂਤ ਦੀ ਛੜੀ ਲੈ ਕੇ ਉਨ੍ਹਾਂ ਦੇ ਪਿਛੇ ਭਜਦਾ ਤੇ ਚਿੜਾਉਣ ਵਾਲੇ ਜਾਂ ਤਾਂ ਇਧਰ-ਉਧਰ ਲੁਕ ਜਾਂਦੇ ਜਾਂ ਦੂਜੀਆਂ ਗਲੀਆਂ ਜਾਂ ਰਸਤਿਆਂ ਵਿੱਚ ਪਤਰਾ ਵਾਚ ਜਾਂਦੇ। 'ਆੜੂ ਓਏ... ਆੜੂ ਪ੍ਰੋਫੈਸਰ ਓਏ' ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਕਦੇ ਉਹ ਦੇਵਾਨੰਦ ਨੁਮਾ ਸਿਰ 'ਤੇ ਟੋਪੀ ਪਾ ਲੈਂਦਾ, ਕਦੇ ਬਿਨਾ ਟੋਪੀ ਦੇ ਅਣਵਾਹੇ ਵਾਲ, ਲਿਟਾਂ ਖਿਲਰੀਆਂ ਹੁੰਦੀਆਂ। ਕਦੇ ਉਸ ਨੇ ਫਾਟਾਂ ਵਾਲਾ ਪਜਾਮਾ ਪਾਇਆ ਹੋਣਾ ਤੇ ਕਦੇ ਪੈਂਟ ਜਿਸ ਦਾ ਇਕ ਪੌਂਚਾ ਉੱਚਾ ਉਠਿਆ ਹੋਣਾ ਤੇ ਦੂਜਾ ਨੀਵਾਂ ਹੋਣਾ। ਕਮੀਜ਼ ਦੇ ਬਟਨ ਢੁਕਵੇਂ ਚਾਕਾਂ ਵਿੱਚ ਕਦੇ ਵੀ ਨਾ ਲਗੇ ਹੁੰਦੇ। ਉਸ ਦੀਆਂ ਜੇਬਾਂ ਵਿੱਚ ਮੂੰਗਫਲੀਆਂ, ਕੇਲੇ ਤੇ ਅਕਸਰ ਆੜੂ ਹੁੰਦੇ। ਆੜੂ ਉਸ ਨੂੰ ਬਚਪਨ ਤੋਂ ਪਸੰਦ ਸਨ ਤੇ ਫਿਰ ਕਾਲਜ, ਯੂਨੀਵਰਸਿਟੀ ਵਿੱਚ ਆੜੂ ਖਾਣ ਦੀ ਉਸ ਦੀ ਆਦਤ ਬਣੀ ਰਹੀ। ਫਿਰ ਉਹ ਨੌਕਰੀ ਤੇ ਲੱਗਿਆ। ਕਾਲਜ ਵਿੱਚ ਲੈਕਚਰਾਰ ਤੇ ਉਥੇ ਵੀ ਉਹ ਸਟਾਫ਼ ਰੂਮ ਵਿੱਚ ਆੜੂ ਮੰਗਵਾ ਕੇ ਖਾਣ ਤੋਂ ਪਰਹੇਜ਼ ਨਾ ਕਰਦਾ। ਇਸ ਲਈ ਉਸ ਦੀ ਅਲ ਪੈ ਗਈ ਸੀ- 'ਆੜੂ ਪ੍ਰੋਫੈਸਰ' ਜਾਂ 'ਪ੍ਰੋਫੈਸਰ ਆੜੂ'। ਪਹਿਲਾਂ ਪਹਿਲ ਲੋਕ ਉਸ ਦੇ ਸਾਹਮਣੇ ਉਸ ਨੂੰ ਅਜਿਹਾ ਕਦੇ ਨਹੀਂ ਸਨ ਕਹਿੰਦੇ ਜਾਂ ਕਹਿ ਸਕਦੇ। ਪਰ ਜਦੋਂ ਉਸ ਦੇ ਦਿਮਾਗ ਵਿੱਚ ਫਰਕ ਪੈ ਗਿਆ ਤਾਂ ਲੋਕ ਉਸ ਦੇ ਮੂੰਹ 'ਤੇ ਵੀ ਉਸ ਨੂੰ 'ਪ੍ਰੋਫੈਸਰ ਆੜੂ'... ਜਾਂ 'ਆੜੂ ਪ੍ਰੋਫੈਸਰ' ਕਹਿਣ ਲਗ ਪਏ ਸਨ। ਰਸਤੇ ਵਿੱਚ ਪਏ ਰੋੜਿਆਂ ਨੂੰ ਛੜੀ ਨਾਲ ਇੰਝ ਠੁਡ ਮਾਰਦਾ, ਤਾਂ ਇੰਜ ਲਗਦਾ ਜਿਵੇਂ ਕਿ ਉਹ ਗੋਲਫ ਦੀ ਸਟਿਕ ਨਾਲ ਪਲਾਸਟਿਕ ਦੀ ਬਾਲ ਨੂੰ ਕਿਸੇ ਸੁਰਾਖ-ਗੋਲ ਵਿੱਚ ਪਾਉਣ ਲਈ ਹਿੱਟ ਮਾਰ ਰਿਹਾ ਹੋਵੇ। ਕਦੀ ਉਹ ਨਾਲੀ ਵਿੱਚੋਂ ਸੋਟੀ ਨਾਲ ਕੁੱਝ ਕੱਢਣ ਦਾ ਯਤਨ ਕਰਦਾ।

ਉਸ ਦਾ ਨਾਂ ਸੁਖਨਪ੍ਰੀਤ ਸਿੰਘ ਸੀ ਤੇ ਕਾਲਜ ਵਿੱਚ ਉਹ ਆਪਣਾ ਨਾਂ ਐਸ.ਪੀ. ਸਿੰਘ ਲਿਖਦਾ। ਪਹਿਲਾਂ ਕੁੱਝ ਦੇਰ ਪੜ੍ਹਾਈ ਕਰਨ ਸਮੇਂ ਉਹ ਐਸ.ਪੀ. ਸਿੰਘ ਬੇਦੀ ਵੀ ਲਿਖਦਾ ਰਿਹਾ। ਉਸ ਦੇ ਦਾਦੇ ਨੇ ਉਸ ਦਾ ਨਾਂ ਸੁਖਾਂ ਲੱਧਾ ਸਿੰਘ ਰੱਖਿਆ ਸੀ ਕਿਉਂਕਿ ਉਹ ਚਾਰ ਭੈਣਾਂ ਦੇ ਬਾਅਦ ਜੰਮਿਆ ਸੀ। ਸੁੱਖਾਂ ਲੱਧਾ ਸਿੰਘ ਨਾਂ ਸੁਖਨਪ੍ਰੀਤ ਨੂੰ ਨਾ ਆਪ ਪਸੰਦ ਸੀ ਤੇ ਨਾ ਹੀ ਉਸ ਦੇ ਪਿਤਾ ਪ੍ਰਿੰਸੀਪਲ ਸੀ.ਡੀ. ਸਿੰਘ ਬੇਦੀ ਨੂੰ। ਦਾਦੇ ਕੋਲ ਟਾਫ਼ੀਆਂ, ਗੋਲੀਆਂ ਲੈਣ ਸਮੇਂ ਨਿੱਕੀ ਉਮਰੇ ਤਾਂ ਉਸ ਨੇ ਦਾਦੇ ਨੂੰ ਕੁੱਝ ਨਾ ਕਹਿਣਾ। ਪਰ ਜਦੋਂ ਉਹ ਚੌਥੀ ਜਮਾਤ ਵਿੱਚ ਚੜ੍ਹਿਆ ਤਾਂ ਉਸ ਨੇ ਦਾਦੇ ਨੂੰ ਸਾਫ਼-ਸਾਫ਼ ਆਖ ਸੁਣਾਇਆ: "ਮੈਨੂੰ ਖੁਸੜ ਤੇ ਖੋਸੜੇ ਨਾਂ ਨਾਲ ਨਾ ਬੁਲਾਇਆ ਕਰੋ। ਮੁਹੱਲੇ ਦੇ ਲੋਕ ਤੇ ਸਕੂਲ ਦੇ ਜਮਾਤੀ ਇਸ ਨਾਂ ਨਾਲ ਮੇਰਾ ਮਜ਼ਾਕ ਉਡਾਉਂਦੇ ਨੇ।" ਦਾਦੇ ਨੇ ਹੱਸ ਕੇ ਕਹਿਣਾ - "ਪੁੱਤਰਾ ਸਾਡੇ ਲਈ ਤਾਂ ਤੂੰ ਸੁਖਾਂ ਲੱਧਾ ਹੀ ਹੈਂ, ਭਾਵੇਂ ਤੂੰ ਸੁਖਨਪ੍ਰੀਤ ਅਖਵਾ ਜਾਂ ਕੁੱਝ ਹੋਰ।"... ਥੋੜ੍ਹਾ ਜਿਹਾ ਉਹ ਹੋਰ ਵੱਡਾ ਹੋਇਆ ਤਾਂ ਉਸ ਨੂੰ ਸਕੂਲ ਵਾਲਾ ਤੇ ਪਿਤਾ ਦਾ ਰਖਿਆ ਨਾਂ ਵੀ ਚੰਗਾ ਨਾ ਲਗਦਾ ਤੇ ਇਸੇ ਲਈ ਉਸ ਨੇ ਐਸ.ਪੀ. ਸਿੰਘ ਬੇਦੀ ਅਖਵਾਉਣਾ ਸ਼ੁਰੂ ਕੀਤਾ।... ਤੇ ਫਿਰ ਬੇਦੀ ਹਟਾ ਕੇ, 'ਕੱਲਾ ਐਸ.ਪੀ. ਸਿੰਘ ਲਿਖਣ ਲੱਗ ਪਿਆ ਕਿਉਂਕਿ ਬੇਦੀ ਨਾਂ ਕਾਰਨ ਉਸ ਦੇ ਗੈਰ-ਜੱਟ ਹੋਣ ਦਾ ਪਤਾ ਲੱਗ ਜਾਂਦਾ। ਪਿਤਾ ਜਦੋਂ ਪ੍ਰਿੰਸੀਪਲ ਬੇਦੀ ਨੇ ਸਮਝਾਉਣ ਦਾ ਯਤਨ ਕਰਨਾ "ਆਪਣੀ ਪਛਾਣ ਬਣਾਓ, ਨਾਵਾਂ ਉਪਨਾਵਾਂ 'ਚ ਕੁਝ ਨਹੀਂ ਪਿਐ", ਤਾਂ ਉਸ ਝੱਟ ਕਹਿਣਾ-

"ਪਛਾਣ ਬਣਾਉਣ ਹੀ ਕੌਣ ਦਿੰਦੈ।... ਬਸ ਸਭ ਕਹਿੰਦੇ ਨੇ... ਪ੍ਰਿੰਸੀਪਲ ਬੇਦੀ ਦਾ ਬੇਟਾ... ਉਹ ਤਾਂ ਕਹਿੰਦੇ ਨੇ ਕਿ ਮੈਂ ਜੋ ਵੀ ਕੁਝ ਕਰਦਾਂ, ਬਸ ਤੁਹਾਡੀ ਬਦੌਲਤ ਹੈ... ਫਸਟ ਡਵੀਜ਼ਨ ਲਵਾਂ ਤਾਂ ਵੀ ਆਖਣਗੇ। 'ਪ੍ਰਿੰਸੀਪਲ ਦਾ ਪੁੱਤਰ ਜੋ ਹੋਇਆ... ਨੰਬਰ ਤਾਂ ਮਿਲ ਹੀ ਜਾਣੇ ਨੇ...।"

ਪ੍ਰਿੰਸੀਪਲ ਨੇ ਸਮਝਾਉਣਾ- "ਲੋਕਾਂ ਦੀਆਂ ਸੁਣੇਗਾ ਤਾਂ ਕੁੱਝ ਵੀ ਨਵਾਂ ਨਹੀਂ ਕਰ ਸਕੇਂਗਾ। ਮਸਤ ਹੋ ਕੇ ਆਪਣੇ ਮਿੱਥੇ ਨਿਸ਼ਾਨੇ ਤੇ ਰਾਹ 'ਤੇ ਤੁਰਦੇ ਚਲੋ।"

ਕਦੇ ਕਿਸੇ ਵੱਡੇ ਵਡੇਰੇ ਨੇ ਘਰ ਆਉਣਾ ਜਾਂ ਪ੍ਰਿੰਸੀਪਲ ਦੇ ਦੋਸਤ ਅਫ਼ਸਰ ਨੇ, ਬਸ ਇਕੋ ਮੁਹਾਰਨੀ- "ਬੇਟੇ ਪ੍ਰਿੰਸੀਪਲ ਸਾਹਿਬ ਦਾ ਨਾਂ ਚਮਕਾ... ਤੇਰੇ ਪਾਪਾ ਨੇ ਤਾਂ ਪੰਜ ਵਿੱਚੋਂ ਚਾਰ ਐਮ.ਏ. ਵਿੱਚੋਂ ਫਸਟ ਕਲਾਸ ਫਸਟ ਲਈ ਹੋਈ ਹੈ...।"

"... ਤੇ ਫਿਰ ਤੁਸੀਂ ਚਾਹੁੰਦੇ ਹੋ ਕਿ ਮੈਂ ਛੇ ਐਮ.ਏ. ਕਰਾਂ ਤੇ ਛੇਆਂ ਵਿੱਚ ਹੀ ਫ਼ਸਟ ਕਲਾਸ ਫ਼ਸਟ ਆਵਾਂ।"

"ਨਹੀਂ... ਸਾਡਾ ਇਹ ਮਤਲਬ ਨਹੀਂ।... ਸਾਡਾ ਤਾਂ ਮਤਲਬ ਏ ਕਿ ਤੂੰ ਘੱਟੋ-ਘੱਟ ਪਾਪੇ ਤੋਂ ਪਿਛੇ ਨਾ ਰਹਿ...।"

ਕਿਸੇ ਹੋਰ ਸਾਧ-ਫਿਲਾਸਫਰ ਨੇ ਘਰ ਆਉਣਾ ਤੇ ਉਸ ਨੇ ਕਹਿਣਾ- "ਬੇਟਾ। ਤਿੰਨ ਤਰ੍ਹਾਂ ਦੀ ਔਲਾਦ ਹੁੰਦੀ ਹੈ - ਪੁੱਤਰ, ਕਪੁੱਤਰ ਤੇ ਸਪੁੱਤਰ। ਜੋ ਪਿਤਾ ਤੋਂ ਪਿਛੇ ਰਹਿ ਜਾਵੇ ਉਹ ਕਪੁੱਤਰ, ਜੋ ਪਿਤਾ ਤੋਂ ਅੱਗੇ ਨਿਕਲ ਜਾਵੇ ਸਪੁੱਤਰ ਤੇ ਜੋ ਪਿਤਾ ਦੀ ਪ੍ਰਾਪਤੀ ਤਕ ਹੀ ਪੁਜੇ, ਪੁੱਤਰ। ...ਅੱਛਾ ਦੱਸੋ ਸੁਖਨ ਤੁਸੀਂ ਤਿੰਨਾਂ ਵਿੱਚੋਂ ਕੀ ਬਣਨਾ ਚਾਹੋਗੇ?"

"... ਮੈਂ ਇਨ੍ਹਾਂ ਤਿੰਨਾਂ ਵਿੱਚੋਂ ਕੋਈ ਇੱਕ ਵੀ ਨਹੀਂ ਬਣਾਂਗਾ... ਮੈਨੂੰ ਲਗਦੈ ਤੁਸੀਂ ਸਾਰੇ ਮੈਨੂੰ ਪਾਗਲ ਬਣਾ ਕੇ ਹੀ ਦਮ ਲਓਗੇ।" ਤੇ ਸੁਖਨਪ੍ਰੀਤ ਉਠ ਕੇ ਦੂਜੇ ਕਮਰੇ ਵਿੱਚ ਚਲਾ ਜਾਂਦਾ। ਉਹ ਦੂਜੇ ਕਮਰੇ ਵਿੱਚ ਇਕੱਲਾ ਬੈਠ ਕੇ ਆਪਣੇ ਆਪ ਨੂੰ ਕਹਿੰਦਾ- "ਇਨ੍ਹਾਂ ਵਿੱਚੋਂ ਕੋਈ ਵੀ ਅਜਿਹਾ ਨਹੀਂ ਜਿਹੜਾ ਮੈਨੂੰ ਪੁੱਛੇ ਕਿ ਮੈਂ ਕੀ ਬਣਨਾ ਚਾਹੁੰਦਾ?... ਕੋਈ ਕਹੇਗਾ

ਵੱਡਾ ਹੋ ਕੇ ਪਿਓ ਵਾਂਗ ਇਕ ਸਫ਼ਲ ਪ੍ਰੋਫ਼ੈਸਰ ਤੇ ਫਿਰ ਸਫ਼ਲ ਲੇਖਕ ਪ੍ਰਿੰਸੀਪਲ ਬਣ।... ਦੂਜਾ ਕਹੇਗਾ ਡਾਕਟਰ ਜਾਂ ਇੰਜੀਨੀਅਰ ਦੋਹਾਂ 'ਚੋਂ ਇਕ ਤਾਂ ਜ਼ਰੂਰ ਬਣੀਂ ਤੇ ਪਿਓ-ਦਾਦੇ ਦਾ ਨਾਂ ਚਮਕਾਵੀਂ।... ਆਲ ਨਾਨਸੈਂਸ।"

ਗੁਆਂਢ ਵਿੱਚ, ਸਕੂਲ ਵਿੱਚ ਕੋਈ ਵੀ ਉਸ ਦਾ ਜਿਗਰੀ ਦੋਸਤ ਨਾ ਬਣ ਸਕਿਆ ਕਿਉਂਕਿ ਉਸ ਦੇ ਜਮਾਤੀਆਂ ਨੂੰ ਇਕ ਕੰਪਲੈਕਸ (ਮਾਨਸਿਕ ਰੂੜੀ) ਹੁੰਦੀ ਕਿ ਉਹ ਪ੍ਰਿੰਸੀਪਲ ਦੇ ਮੁੰਡੇ ਨਾਲ ਦੋਸਤੀ ਕਿਵੇਂ ਪਾ ਸਕਦੇ ਹਨ। ਸਾਰੇ ਸ਼ਹਿਰ 'ਚ ਪ੍ਰਿੰਸੀਪਲ ਦੇ ਰੁਤਬੇ ਦੀ ਧਾਕ ਸੀ। ਜੇ ਉਹ ਸਕੂਲ ਦੀ ਸਟੇਜ 'ਤੇ ਕੁਝ ਬੋਲਦਾ, ਕਵਿਤਾ ਜਾਂ ਭਾਸ਼ਣ, ਲੋਕਾਂ ਵਿੱਚ ਘੁਸਰ-ਮੁਸਰ ਹੁੰਦੀ, ਸਭ ਪ੍ਰਿੰਸੀਪਲ ਦੀਆਂ ਮੇਹਰਬਾਨੀਆਂ ਨੇ... ਨਹੀਂ ਤਾਂ ਇਸ ਨੂੰ ਕਿਹਨੇ ਪੁਛਣਾ ਸੀ। ਜਦ ਕਈ ਉਹ ਇਹ ਸੁਣਦਾ ਤਾਂ ਤਾਂਬੇ ਵਾਂਗੂ ਤਪ ਜਾਂਦਾ।

ਸੁਖਨਪ੍ਰੀਤ ਨੂੰ ਸਕੂਲ ਵਿੱਚ ਪੜ੍ਹਦਿਆਂ ਹੀ ਚਿੜ੍ਹ ਜਿਹੀ ਹੋ ਗਈ ਸੀ ਕਿ ਉਹ ਇਕ ਪ੍ਰਿੰਸੀਪਲ ਦਾ ਮੁੰਡਾ ਹੈ। ਕਈ ਵਾਰ ਉਹ ਆਪਣੇ-ਆਪ ਨੂੰ ਕਹਿੰਦਾ - 'ਇਸ ਨਾਲੋਂ ਤਾਂ ਚੰਗਾ ਸੀ ਕਿਸੇ ਮੋਚੀ ਦੇ ਘਰ ਮੈਂ ਜੰਮਦਾ।... ਪ੍ਰਿੰਸੀਪਲ ਦੇ ਘਰ ਰੱਬ ਨੇ ਜੰਮ ਕੇ, ਪਤਾ ਨਹੀਂ ਕਿਹੜੇ ਕਰਮਾਂ ਦਾ ਤੇ ਕਿਹੜੇ-ਕਿਹੜੇ ਜਨਮਾਂ ਦਾ ਬਦਲਾ ਉਸ ਤੋਂ ਲਿਐ?" ਕਈ ਵਾਰ ਉਹ ਸੋਚਦਾ ਕਿ ਉਹ ਘਰ ਛੱਡ ਕੇ ਚੁਪ-ਚਾਪ ਕਿਤੇ ਪਤਰਾ ਵਾਚ ਜਾਵੇ ਤੇ ਬੰਬਈ ਜਾਂ ਦਿੱਲੀ ਜਾਕੇ, ਆਪਣੀ ਕਿਸਮਤ, ਆਪਣੀ ਹੋਣੀਂ ਆਪ ਅਜ਼ਮਾਵੇ ਤੇ ਕੁੱਛ ਅਲੌਕਿਕ ਆਪਣੇ ਬਲਬੂਤੇ ਤੇ ਬਣ ਕੇ ਵਿਖਾਵੇ। ਫਿਰ ਉਹ ਇਹ ਸੋਚ ਕੇ ਉਦਾਸ ਹੋ ਜਾਂਦਾ ਕਿ ਉਹ ਇਹ ਵੀ ਨਹੀਂ ਕਰ ਸਕਦਾ ਸੀ ਕਿਉਂਕਿ ਉਹ ਘਰ ਵਿੱਚ ਇਕੋ ਇਕ ਮੁੰਡਾ ਹੈ। ਜੇ ਉਹ ਚਲਾ ਗਿਆ ਤਾਂ ਦਾਦਾ-ਦਾਦੀ, ਅਨਪੜ੍ਹ ਮਾਂ, ਭੈਣਾਂ, ਰੋ-ਰੋ ਕੇ ਹਾਲ-ਬੇਹਾਲ ਕਰ ਲੈਣਗੀਆਂ ਤੇ ਹੋ ਸਕਦੈ ਮਾਂ ਤਾਂ ਇਸ ਹਾਦਸੇ ਨੂੰ ਸਹਿ ਹੀ ਨਾ ਸਕੇ। ਉਸ ਨੂੰ ਆਪਣੀ ਅਨਪੜ੍ਹ ਮਾਂ ਨਾਲ ਹਮਦਰਦੀ ਸੀ ਕਿਉਂਕਿ ਉਸ ਦਾ ਪ੍ਰਿੰਸੀਪਲ ਪਿਤਾ ਆਪਣੀ ਪਤਨੀ ਨੂੰ ਪਸੰਦ ਨਹੀਂ ਸੀ ਕਰਦਾ। ਪਤੀ-ਪਤਨੀ ਦੇ ਸਬੰਧ ਬਸ ਇਕ ਖਾਨਾ ਪੂਰਤੀ ਸਨ...। ਪਾਕਿਸਤਾਨ ਵਿੱਚ ਬਚਪਨ ਵਿੱਚ ਹੀ ਉਸ ਦੀ ਕੁੜਮਾਈ ਇਸ ਅਨਪੜ੍ਹ ਕੁੜੀ ਨਾਲ ਕਰ ਦਿੱਤੀ ਗਈ... ਮਸਾਂ ਚਾਰ ਜਮਾਤਾਂ ਪਾਸ ਤੇ ਸੁਖਨਪ੍ਰੀਤ ਦਾ ਪਿਤਾ ਬੀ.ਏ.ਬੀ. ਟੀ ਲਾਹੌਰ ਤੋਂ ਕਰ ਗਿਆ ਸੀ। ਜਦੋਂ ਉਸ ਨੇ ਰਿਸ਼ਤਾ ਤੋੜਨ ਦੀ ਗੱਲ ਆਖੀ ਤਾਂ ਸੁਖਨ ਦੇ ਦਾਦੇ ਨੇ ਕਿਹਾ ਸੀ - "ਜੇ ਤੂੰ ਅਜਿਹਾ ਕੀਤਾ ਤਾਂ ਯਾਦ ਰਖੀਂ ਮੈਂ ਸਿਰ ਤੇ ਬੰਨੀ ਪੱਗ ਨਾਲ ਉਸੇ ਵੇਲੇ ਫਾਹਾ ਲੈ ਲਵਾਂਗਾ। ਮੈਂ ਵੀ ਧੀਆਂ ਭੈਣਾਂ ਵਾਲਾ ਵਾਂ।" ਮਜਬੂਰਨ ਵਿਆਹ ਕਰਨਾ ਪਿਆ। ਚਰਨ ਦਾਸ ਉਰਫ਼ ਚਰਨਦਾਸ ਸਿੰਘ ਬੇਦੀ ਨੇ ਇਕ ਸਾਲ ਤਾਂ ਸੁਖਨਪ੍ਰੀਤ ਦੀ ਮਾਂ ਨਾਲ ਵਿਆਹ ਮਗਰੋਂ ਕੋਈ ਕਲਾਮ ਵੀ ਸਾਂਝਾ ਨਹੀਂ ਕੀਤਾ। ਵਿਚਾਰੀ ਗਊ ਤੋਂ ਵੀ ਵਧੇਰੇ ਸਾਊ ਜਿੱਥੇ ਕਹਿ ਦਿੱਤਾ ਬੈਠ ਜਾਣਾ, ਜਿੱਥੇ ਆਖ ਦਿੱਤਾ ਸੌਂ ਜਾਣਾ, ਪਤੀ ਦੀ ਥਾਲੀ ਦੀ ਜੂਠ ਨੂੰ ਸ਼ੀਤ ਪ੍ਰਸ਼ਾਦ ਸਮਝ ਕੇ ਛਕ ਲੈਣਾ ਜਦ ਇਕ ਤੋਂ ਬਾਅਦ ਦੂਜੀ ਕੁੜੀ ਜੰਮਦੀ ਗਈ ਤੇ ਚਾਰ ਧੀਆਂ ਜਣ ਬੈਠੀ, ਤਾਂ ਚਰਨਦਾਸ ਸਿੰਘ ਬੇਦੀ ਨਾਲ ਉਸ ਦਾ ਪਿਓ ਤੇ ਮਾਂ ਵੀ ਜਾ ਖੜ੍ਹੇ ਹੋਏ। ਚਾਰ ਕੁੜੀਆਂ ਦੀ ਧਾੜ...। ਦੂਜੇ ਵਿਆਹ ਦੀ ਗੱਲ ਸ਼ੁਰੂ ਹੋ ਗਈ। ਇਹ ਤਾਂ ਸੁਖਨਪ੍ਰੀਤ ਦੇ ਦਬੰਗ ਮਾਮੇ ਨੇ ਐਲਾਨ ਕਰ ਦਿੱਤਾ, "ਜੇ ਚਰਨਦਾਸ ਨੇ ਦੂਜਾ ਵਿਆਹ ਕੀਤਾ ਤਾਂ ਦੋ ਅਰਥੀਆਂ ਇਕੋ ਇਕ ਸਮਸ਼ਾਨ ਘਾਟ ਜਾਣਗੀਆਂ।" ਫਿਰ ਚਰਨਦਾਸ ਹੁਰੀਂ ਸੁਖਨਪ੍ਰੀਤ ਦੀ ਮਾਂ ਦੇ ਚਰਨੀਂ ਜਾ ਢੱਠੇ ਤੇ ਦਸ ਮਹੀਨਿਆਂ ਮਗਰੋਂ ਸੁਖਨਪ੍ਰੀਤ ਨੇ ਘਰ-ਪਰਿਵਾਰ ਨੂੰ ਇਕ ਵਾਰ ਮੁੜ ਜੋੜ ਕੇ ਰਖ ਦਿੱਤਾ। ਘਰ 'ਚ ਲਹਿਰਾਂ ਬਹਿਰਾਂ ਮੁੰਡੇ ਹੋਣ ਮਗਰੋਂ।... ਹੁਣ ਘਰੋਂ ਨਿਕਲਣ ਤੋਂ ਪਹਿਲਾਂ ਸੁਖਨਪ੍ਰੀਤ ਸੋਚਣ ਲਗ ਪੈਂਦਾ ਕਿ ਉਹ ਵਸਦੇ-ਰਸਦੇ ਘਰ ਨੂੰ ਕਿਵੇਂ ਤੋੜ ਵਿਛੋੜ ਕੇ ਜਾਵੇ?

ਸਰਕਾਰੀ ਸੈਕੰਡਰੀ ਸਕੂਲ ਤੋਂ ਗਿਆਰ੍ਹਵੀਂ ਤੇ ਫਿਰ ਮਹਿੰਦਰਾ ਕਾਲਜ ਤੋਂ ਬੀ.ਐਸ. ਸੀ. ਨਾਨ-ਮੈਡੀਕਲ ਪਹਿਲੇ ਦਰਜੇ ਵਿੱਚ ਪਾਸ ਕੀਤੀ। ਰਿਸ਼ਤੇਦਾਰਾਂ ਤੇ ਆਂਢ-ਗੁਆਂਢ ਦੇ ਬੰਦਿਆਂ ਨੇ ਇਸ ਨੂੰ ਕੋਈ ਵੱਡੀ ਪ੍ਰਾਪਤੀ ਨਾ ਮੰਨਿਆ। ਸਗੋਂ ਕਹਿੰਦੇ ਪ੍ਰਿੰਸੀਪਲ ਦਾ ਮੁੰਡਾ ਹੈ... ਇਸ ਨੂੰ ਤਾਂ ਯੂਨੀਵਰਸਿਟੀ ਵਿੱਚੋਂ ਨਹੀਂ ਤਾਂ ਆਪਣੇ ਕਾਲਜ ਵਿੱਚੋਂ ਘੱਟੋ-ਘੱਟ ਪਹਿਲੀ ਪੁਜ਼ੀਸ਼ਨ ਪ੍ਰਾਪਤ ਕਰਨੀ ਚਾਹੀਦੀ ਸੀ। ਮਾਂ ਖੁਸ਼ ਹੋਈ ਤੇ ਉਸ ਨੂੰ ਵੇਖ-ਵੇਖ ਅੰਦਰੋਂ-ਬਾਹਰੋਂ ਵਿਗਸਦੀ ਰਹਿੰਦੀ ਕਿ ਉਸ ਦੇ ਕਾਰਨ ਹੀ ਉਹ ਦੁਹਾਗਣ (ਛੁੱਟੜ) ਹੋਣ ਤੋਂ ਬਚ ਗਈ। ... ਤੇ ਪ੍ਰਿੰਸੀਪਲ ਸਾਹਿਬ ਵੀ ਹੁਣ ਕਦੀਂ-ਕਦੀਂ ਪਤਨੀ ਰਾਮਜਾਈ ਨਾਲ ਵੀ ਸਲਾਹ ਕਰਨ ਲੱਗ ਪਏ ਸਨ। ਘਰ ਪਰਿਵਾਰ ਬਾਰੇ, ਰਿਸ਼ਤਿਆਂ ਬਾਰੇ, ਰਿਸ਼ਤੇ ਕਰਨ-ਕਰਾਉਣ ਬਾਰੇ। ਪ੍ਰਿੰਸੀਪਲ ਹੋਵੇ ਜਾਂ ਕੋਈ ਹੋਰ ਮਰਦ, ਜਦੋਂ ਉਮਰ ਵਧਦੀ ਹੈ ਤਾਂ ਹਰ ਮਰਦ ਨੂੰ ਬੁਢਾਪੇ ਵਿੱਚ ਪਤਨੀ ਦੀ ਜ਼ਰੂਰਤ ਵਧੇਰੇ ਮਹਿਸੂਸ ਹੋਣ ਲਗ ਪੈਂਦੀ ਹੈ, ਭਾਵੇਂ ਉਹ ਜਵਾਨੀ ਵਿੱਚ ਉਸ ਦੀ ਪਸੰਦ ਬਿਲਕੁਲ ਹੀ ਨਾ ਰਹੀ ਹੋਵੇ।

ਸੁਖਨਪ੍ਰੀਤ ਨੂੰ ਕਦੇ-ਕਦੇ ਰੱਬ ਨਾਲ ਗਿਲਾ ਵੀ ਹੁੰਦਾ ਕਿ ਉਸ ਨੇ ਉਸ ਦੀ ਮਾਂ ਨੂੰ ਉਸ ਦੇ ਪਿਓ ਵਾਂਗ ਪੜ੍ਹਿਆ-ਲਿਖਿਆ ਕਿਉਂ ਨਹੀਂ ਬਣਾਇਆ। ਵਿਚਾਰੀ ਅਨਪੜ੍ਹ ਮਾਂ ਸੁਖਨਪ੍ਰੀਤ ਦੀ ਪੀੜ ਨੂੰ ਮਹਿਸੂਸ ਤਾਂ ਕਰਦੀ, ਪਰ ਉਸ ਦੀ ਪੀੜ ਦੀ ਮੱਲ੍ਹਮ,ਮੱਲ੍ਹਮ-ਨੁਮਾ ਸ਼ਬਦਾਂ ਰਾਹੀਂ ਨਾ ਲਾ ਸਕਦੀ। ਕਦੇ ਸੁਖਨਪ੍ਰੀਤ ਇਕੱਲਾ ਬੈਠਾ ਛੱਤ ਵੇਖ ਰਿਹਾ ਹੁੰਦਾ ਤਾਂ ਉਹ ਹੌਲੀ-ਹੌਲੀ ਅੰਦਰ ਆਉਂਦੀ ਤੇ ਨੌਜਵਾਨ ਪੁੱਤਰ ਨੂੰ ਸਹਿਮਦੇ-ਸਹਿਮਦੇ ਆਖਦੀ, "ਸੁਖੀ ਛੱਤ ਵੱਲ ਕੀ ਡੌਰ-ਭੌਰ ਹੋਇਆ ਵੇਖੀ ਜਾਨੈ?"

ਸੁਖਨਪ੍ਰੀਤ ਆਪਣੀ ਅੰਦਰਲੀ ਤੈਸ਼ ਨੂੰ ਦਬਾਉਣ ਦਾ ਯਤਨ ਕਰਦਾ ਤੇ ਕਹਿੰਦਾ - "ਮੈਂ ਵੇਖ ਰਿਹਾਂ ਕਿ ਛੱਤ ਕਦੋਂ ਮੇਰੇ ਤੇ ਡਿੱਗੇ ਤੇ ਮੈਂ ਧੰਨ-ਧੰਨ ਹੋ ਜਾਵਾਂ।" ਸੁਖਨਪ੍ਰੀਤ ਵਿੱਚ ਸਾਹਿਤਕ ਰੁਚੀਆਂ ਵੀ ਜਾਗ ਪਈਆਂ ਸਨ ਤੇ ਉਹ ਵਿਹਲੇ ਸਮੇਂ ਨਾਵਲ, ਕਹਾਣੀਆਂ, ਕਵਿਤਾਵਾਂ ਦੀਆਂ ਪੁਸਤਕਾਂ ਪੜ੍ਹਨ ਲਗ ਪਿਆ ਸੀ। ਮਾਂ ਨੇ ਆਪਣੇ ਮੂੰਹ ਨੂੰ ਦੋਹਾਂ ਹੱਥਾਂ ਵਿੱਚ ਲੁਕੋ ਲੈਣਾ ਤੇ ਡੁਸਕਦੇ ਹੋਏ ਕਹਿਣਾ -

"ਸੁਖੀ ਪੁੱਤਰ! ਕਿਉਂ ਮੋਈ ਨੂੰ ਹੋਰ ਮਰੇਂਦੈ। ... ਤੇਰੇ ਬਿਨਾ, ਹਨੇਰ ਸਾਈਂ ਦਾ, ਅਸੀਂ ਸਭ ਅੰਨ੍ਹੇ ਹੋ ਵੰਞਣ। ... ਜੇ ਹੁਣ ਫੇਰ ਕਦੀ ਇਹ ਆਖਿਆ ਤਾਂ ਮੇਰੀ ਮਰੀ ਦਾ ਮੂੰਹ ਡੇਖਸੇਂ।"

ਨੌਜਵਾਨ ਸੁਖਨਪ੍ਰੀਤ ਦਾ ਦਿਲ ਕਰਦਾ ਕਿ ਉਹ ਮਾਂ ਨੂੰ ਆਪਣੀ ਗਲਵਕੜੀ 'ਚ ਲੈ ਲਵੇ, ਪਰ ਉਹ ਅਜਿਹਾ ਨਾ ਕਰ ਸਕਦਾ। ਉਸ ਦਾ ਦਿਲ ਕਰਦਾ ਕਿ ਮਾਂ ਉਸ ਦੇ ਸਿਰ 'ਤੇ ਹੱਥ ਫੇਰੇ, ਵਾਲਾਂ ਵਿੱਚ ਉਂਗਲੀਆਂ ਨਾਲ ਕੰਘੀ ਕਰੇ। ਉਸ ਦੇ ਮੂੰਹ ਨੂੰ ਚੁੰਮੇ ਤੇ ਉਹ ਮਾਂ ਦੀ ਗਲਵਕੜੀ 'ਚ ਰੋ-ਰੋ ਕੇ ਆਪਣੇ ਦੁੱਖਾਂ ਨੂੰ ਹਲਕਾ ਕਰ ਲਵੇ। ... ਪਰ ਅਨਪੜ੍ਹ ਮਾਂ ਅਜਿਹਾ ਨਾ ਕਰ ਸਕਦੀ ਕਿਉਂਕਿ ਉਹ ਅਨਪੜ੍ਹ ਜੋ ਸੀ। ਚਾਹੁੰਦੀ ਤਾਂ ਉਹ ਵੀ ਸੀ ਕਿ ਉਹ ਸੁਖਨ ਦੇ ਮਨ ਤੇ ਤਨ ਵਿੱਚ ਘੁਲ ਰਹੇ ਜ਼ਹਿਰ ਨੂੰ ਇਕੋ ਡੀਕ

ਵਿੱਚ ਪੀ ਲਵੇ। ਰਾਮਜਾਈ ਨੂੰ ਸੁਖਨਪ੍ਰੀਤ ਵਿੱਚੋਂ ਪ੍ਰਿੰਸੀਪਲ ਸਾਹਿਬ ਨਜ਼ਰ ਆਉਣ ਲਗ ਪੈਂਦੇ ਤੇ ਉਹ ਪੱਥਰ ਬਣ ਅਹਿਲ ਖਲੋਤੀ ਰਹਿੰਦੀ। ਬੋਲਣਾ ਚਾਹੁੰਦੇ ਹੋਏ ਵੀ ਨਾ ਬੋਲਦੀ। ਡਰਦੀ ਕਿਤੇ ਉਸ ਦੇ ਮੂੰਹੋਂ ਕੋਈ ਅਬਾ-ਤਬਾ ਹੀ ਨਾ ਨਿਕਲ ਜਾਵੇ। ਰਾਮਜਾਈ ਨੂੰ ਲਗਦਾ ਕਿ ਸੁਖਨ ਉਸ ਦਾ ਪੁੱਤਰ ਘਟ ਹੈ ਤੇ ਪ੍ਰਿੰਸੀਪਲ ਸਾਹਿਬ ਦਾ ਵਧੇਰੇ। ... ਉਹ ਰਸੋਈ ਵਿੱਚ ਚਲੀ ਜਾਂਦੀ ਤੇ ਸੁਖਨਪ੍ਰੀਤ ਲਈ ਉਸ ਦੀ ਪਸੰਦ ਦੀ ਘੱਟ ਦੁੱਧ ਵਾਲੀ ਚਾਹ ਬਣਾ, ਚਾਹ ਦਾ ਕੱਪ ਉਸ ਦੇ ਸਾਹਮਣੇ ਧਰ ਕੇ ਹੌਲੀ-ਹੌਲੀ ਸੁਖਨ ਦੇ ਕਮਰੇ ਤੋਂ ਬਾਹਰ ਨਿਕਲ ਜਾਂਦੀ। ਉਸ ਨੂੰ ਭੁਲੇਖਾ ਜਿਹਾ ਪੈਂਦਾ ਕਿ 'ਪੁੱਤਰ ਉਸ ਨੂੰ ਬੈਠਣ ਲਈ ਆਖ ਰਿਹੈ' ਸੁਖਨਪ੍ਰੀਤ ਕਦੇ ਚਾਹ ਦੇ ਕੱਪ ਵੱਲ ਵੇਖਦਾ ਤੇ ਕਦੀ ਵਾਪਸ ਪਰਤਦੀ ਮਾਂ ਵੱਲ। ਉਸ ਦਾ ਦਿਲ ਕਰਦਾ ਕਿ ਉਸ ਦੀ ਮਾਂ ਉਸ ਦੇ ਸਾਹਮਣੇ ਘੱਟੋ-ਘੱਟ ਉਦੋਂ ਤੱਕ ਬੈਠੀ ਰਹੇ ਜਦੋਂ ਤੱਕ ਉਹ ਚਾਹ ਮੁਕਾ ਨਹੀਂ ਲੈਂਦਾ।

ਸੁਖਨਪ੍ਰੀਤ ਚਾਰ ਭੈਣਾਂ ਮਗਰੋਂ ਜੰਮਿਆ ਸੀ। ਇਸ ਲਈ ਦਾਦਾ-ਦਾਦੀ, ਮਾਂ-ਪਿਓ ਸਭ ਨੇ ਲੋੜ ਤੋਂ ਵੱਧ ਲਾਡ ਦਿੱਤਾ ਸੀ। ਹਰ ਭੈਣ ਉਸ ਨੂੰ, ਨਿੱਕੇ ਹੁੰਦਿਆਂ, ਗੋਦ ਵਿੱਚ ਖਿਡਾ ਕੇ ਖੁਸ਼ ਹੁੰਦੀ। ਵੱਡਾ ਹੋਇਆ ਤਾਂ ਸੁਖਨ ਦੀਆਂ ਸਾਰੀਆਂ ਵਧੀਕੀਆਂ ਭੈਣਾਂ ਸਹਿ ਲੈਂਦੀਆਂ ਭਾਵੇਂ ਉਹ ਉਨ੍ਹਾਂ ਦੇ ਜੂੰਡੇ ਖਿਚਦਾ, ਜਾਂ ਬਾਂਹ ਤੇ ਜਾਂ ਵੱਖੀਆਂ ਤੇ ਦੰਦੀ ਵਢਦਾ। ਸੁਖਨਪ੍ਰੀਤ ਦੇ ਜੁਆਨ ਹੁੰਦਿਆਂ-ਹੁੰਦਿਆਂ ਤਿੰਨ ਭੈਣਾਂ ਵਿਆਹ ਦਿੱਤੀਆਂ ਗਈਆਂ ਤੇ ਚੌਥੀ ਭੈਣ ਦੀ ਮੰਗਣੀ ਵੀ ਕਰ ਦਿੱਤੀ ਗਈ ਸੀ ਤੇ ਉਹ ਐਮ.ਏ. ਅਰਥ ਸ਼ਾਸਤਰ ਕਰਕੇ ਬੀ.ਐਡ ਕਰਨ... ਲੁਧਿਆਣੇ ਗਈ ਹੋਈ ਸੀ। ਦਾਦਾ-ਦਾਦੀ ਗੁਜ਼ਰ ਚੁਕੇ ਸਨ। ਪਰ ਕਿਸੇ ਵੀ ਭੈਣ ਨਾਲ ਸੁਖਨਪ੍ਰੀਤ ਦੀ ਭਾਵੁਕ ਸਾਂਝ ਨਹੀਂ ਸੀ ਬਣ ਸਕੀ।

... ਘਰ ਵਿੱਚ ਤਿੰਨ ਜੀਅ-ਗਊ ਰਾਮਜਾਈ, ਘਰ ਦੇ ਕੰਮਾਂ ਵਿੱਚ ਰੁਝੀ ਰਹਿੰਦੀ, ਪ੍ਰਿੰਸੀਪਲ ਸਾਹਿਬ ਕਿਤਾਬਾਂ ਤੇ ਲੇਖਣੀਆਂ 'ਚ ਡੁੱਬੇ ਰਹਿੰਦੇ ਤੇ ਸੁਖਨਪ੍ਰੀਤ ਆਪਣੇ ਖ਼ਿਆਲਾਂ ਵਿੱਚ। ਭੈਣਾਂ ਕਦੀ ਕਦਾਈਂ ਫੇਰਾ ਪਾਉਂਦੀਆਂ। ਸੁਖਨਪ੍ਰੀਤ ਆਪਣੇ ਭਣੇਵੇਂ-ਭਣੇਵੀਆਂ ਨਾਲ ਵਧੇਰੇ ਖੁਲ੍ਹ ਲੈਂਦਾ, ਹਸਦਾ-ਖੇਡਦਾ ਪਰ ਆਪਣੀਆਂ ਭੈਣਾਂ, ਮਾਤਾ-ਪਿਤਾ ਨਾਲ ਘੁਟਿਆ-ਘੁੱਟਿਆ ਰਹਿੰਦਾ।

... ਸੁਖਨਪ੍ਰੀਤ ਦੀ ਜ਼ਿੰਦਗੀ 'ਚ ਇਕ ਮਹਿਕ ਦਾ ਬੁੱਲਾ ਉਦੋਂ ਆਇਆ ਸੀ ਜਦੋਂ ਉਹ ਗਿਆਰਵੀਂ 'ਚ ਪੜ੍ਹਦਾ ਸੀ। ਉਨ੍ਹਾਂ ਦੇ ਗੁਆਂਢ 'ਚ ਮਲੇਰਕੋਟਲੇ ਦੇ ਇਕ ਮੁਸਲਮਾਨ ਪਰਿਵਾਰ ਕੁੱਝ ਸਾਲਾਂ ਲਈ ਆ ਟਿਕਿਆ ਸੀ, ਆਰਿਫ਼ ਹੁਸੈਨ ਦਾ ਪਰਿਵਾਰ। ਸੈਨੇਟਰੀ ਇੰਸਪੈਕਟਰ। ਦੋ-ਖ਼ੂਬਸੂਰਤ ਪਰੀਆਂ ਦਾ ਅੱਬਾ। ਵੱਡੀ ਜੁਬੈਦਾ ਸੁਖਨਜੀਤ ਦੀਆਂ ਨਜ਼ਰਾਂ 'ਚ ਉਤਰ ਗਈ ਤੇ ਸੁਖਨਪ੍ਰੀਤ ਜੁਬੈਦਾਂ ਦੇ ਖ਼ਿਆਲਾਂ 'ਚ ਜਾ ਵਸਿਆ। ਚੰਨ-ਚਾਨਣੀ ਰਾਤ ਵਿੱਚ ਕਦੇ ਪਰਿਵਾਰ ਨਾਲ ਤੇ ਕਦੀ-ਕਦੀ ਇਕੱਲੇ ਆਪਣੇ ਘਰ ਦੀਆਂ ਛੱਤਾਂ ਤੇ ਆ ਜੁੜਦੇ। ਉਹ ਵੀ ਕੁੜੀਆਂ ਦੇ ਸਕੂਲ ਵਿੱਚ ਪੜ੍ਹਦੀ ਸੀ। ਦੋਵੇਂ ਇਕੋ ਕਾਲਜ ਵਿੱਚ ਦਾਖਲ ਹੋਏ ਤੇ ਦੋਵਾਂ ਨੇ ਬੀ.ਐਸ.ਸੀ. ਵਿੱਚ ਦਾਖਲਾ ਲਿਆ। ਪਰ ਜੁਬੈਦਾਂ ਮੈਡੀਕਲ ਕਰ ਰਹੀ ਸੀ। ਇਕ ਪੀਰੀਅਡ ਦੋਹਾਂ ਦਾ ਸਾਂਝਾ ਲਗਦਾ - ਅੰਗਰੇਜ਼ੀ ਕੰਪਲਸਰੀ ਦਾ। ਦੋਵੇਂ ਲੋਕਲ ਬੱਸ ਵਿੱਚ ਇਕੱਠੇ ਆਉਂਦੇ ਤੇ ਇਕੱਠੇ ਜਾਂਦੇ।... ਪਰ ਫਾਈਨਲ ਕਲਾਸ ਵਿੱਚ ਪਹੁੰਚਣ 'ਤੇ ਜੁਬੈਦਾਂ ਨੇ ਸੁਖਨਪ੍ਰੀਤ ਨੂੰ ਸਾਫ਼ ਕਹਿ ਦਿੱਤਾ ਸੀ।

"ਜੇ ਤੂੰ ਮੈਨੂੰ ਚਾਹੁੰਨੈ ਤਾਂ ਤੈਨੂੰ ਮੇਰੇ ਨਾਲ ਨਿਕਾਹ ਪੜ੍ਹਾਉਣਾ ਪਵੇਗਾ। ਮੈਂ ਅੱਬਾ ਤੇ ਅੰਮੀ ਦਾ ਦਿਲ ਨਹੀਂ ਤੋੜ ਸਕਦੀ।"

"... ਪਰ ਮੈਂ ਵੀ ਆਪਣਾ ਧਰਮ ਛੱਡ ਕੇ, ਆਪਣੇ ਪਰਿਵਾਰ ਦੇ ਜੀਆਂ ਨੂੰ ਤੜਫਦੇ ਨਹੀਂ ਵੇਖ ਸਕਦਾ।"

... ਤੇ ਫਿਰ ਦੋਹਾਂ ਦੀ ਸਾਂਝ ਉਦੋਂ ਹਮੇਸ਼ਾ-ਹਮੇਸ਼ਾ ਲਈ ਟੁੱਟ ਗਈ ਜਦੋਂ ਆਰਿਫ਼ ਹੁਸੈਨ ਦਾ ਤਬਾਦਲਾ ਫਿਰੋਜ਼ਪੁਰ ਛਾਉਣੀ ਹੋ ਗਿਆ ਤੇ ਜੁਬੈਦਾਂ ਨੇ ਉਥੇ ਜਾ ਕੇ ਸੁਖਨਪ੍ਰੀਤ ਦੀ ਕੋਈ ਸੁੱਧ-ਬੁੱਧ ਨਾ ਲਈ ਤੇ ਨਾ ਹੀ ਸੁਖਨਪ੍ਰੀਤ ਨੇ ਕਦੀ ਨਿਕਾਹ ਬਾਰੇ ਸੋਚਿਆ।

ਸੁਖਨਪ੍ਰੀਤ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਐਮ.ਐਸ.ਸੀ. ਕੈਮਿਸਟਰੀ ਵਿੱਚ ਦਾਖਲਾ ਲੈ ਲਿਆ। ਕੁਝ-ਕੁਝ ਜੁਬੈਦਾਂ ਕਾਰਣ ਤੇ ਕੁਝ-ਕੁਝ ਘਰੇਲੂ ਘੁੱਟਣ ਕਾਰਨ, ਉਸ ਦਾ ਮਨ ਪੜ੍ਹਾਈ ਵੱਲੋਂ ਉਚਾਟ ਹੋਣਾ ਸ਼ੁਰੂ ਹੋ ਗਿਆ। ਪਿਤਾ ਚਾਹੁੰਦਾ ਸੀ ਕਿ ਸੁਖਨਪ੍ਰੀਤ ਚੰਗੇ ਨੰਬਰ ਲੈ ਕੇ ਐਮ.ਐਸ.ਸੀ. ਕਰੇ ਤੇ ਫਿਰ ਪੀ.ਐਚ.ਡੀ. ਕਰ ਕਿਸੇ ਚੰਗੇ ਡਿਗਰੀ ਕਾਲਜ ਜਾਂ ਯੂਨੀਵਰਸਿਟੀ ਵਿੱਚ ਹੀ ਪ੍ਰੋਫ਼ੈਸਰ ਲਗ ਜਾਵੇ। ਆਈ.ਏ. ਐਸ. ਜਾਂ ਪੀ.ਸੀ.ਐਸ. ਅਫ਼ਸਰ ਉਸ ਨੂੰ, ਉਸ ਦਾ ਪ੍ਰਿੰਸੀਪਲ ਪਿਤਾ ਨਹੀਂ ਬਣਾਉਣਾ ਲੋਚਦਾ ਸੀ ਕਿਉਂਕਿ ਅਜਿਹਾ ਹੋਣ ਨਾਲ ਸੁਖਨਪ੍ਰੀਤ ਉਨ੍ਹਾਂ ਦੀਆਂ ਨਜ਼ਰਾਂ ਤੋਂ ਦੂਰ ਚਲਾ ਜਾਣਾ ਸੀ। ਇਹ ਗੱਲ ਨਾ ਪ੍ਰਿੰਸੀਪਲ ਨੂੰ ਤੇ ਨਾ ਹੀ ਉਸ ਦੀ ਮਾਂ ਨੂੰ ਚੰਗੀ ਲੱਗਦੀ ਸੀ। ਹਾਲਾਂਕਿ ਸੁਖਨਪ੍ਰੀਤ ਚਾਹੁੰਦਾ ਸੀ ਕਿ ਉਹ ਖੁੱਲ੍ਹੀਆਂ ਫਿਜ਼ਾਵਾਂ ਵਿੱਚ ਆਜ਼ਾਦ ਪੰਛੀ ਵਾਂਗ ਲੰਮੀਆਂ ਉਡਾਰੀਆਂ ਭਰੇ।

.... ਸੁਖਨਪ੍ਰੀਤ ਨੇ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਮਗਰੋਂ, ਪੜ੍ਹਾਈ ਵਿੱਚ ਕੋਈ ਦਿਲਚਸਪੀ ਨਾ ਵਿਖਾਈ। ਉਹ ਸਾਹਿਤ ਦੀਆਂ ਪੁਸਤਕਾਂ ਪੜ੍ਹਦਾ ਰਹਿੰਦਾ ਜਾਂ ਫਿਰ ਕਦੇ-ਕਦੇ ਮੈਂਡਰਿਕਸ ਲੈ ਕੇ ਦਿਨ ਦਿਹਾੜੇ ਸੁਪਨਿਆਂ ਵਿੱਚ ਗੁਆਚਾ ਰਹਿੰਦਾ। ਪਰਿਵਾਰ ਤੋਂ ਓਹਲਾ ਰਖ, ਉਹ ਨਸ਼ਾ ਕਰਦਾ। ਨਤੀਜਾ ਐਮ.ਐਸ. ਸੀ. ਦੇ ਇਮਤਿਹਾਨ ਅੱਧ ਵਿਚਕਾਰ ਛਡ ਦਿੱਤੇ ਤੇ ਫੇਲ੍ਹ।... ਦੋਸਤ ਮਿੱਤਰਾਂ ਨੇ ਹੌਂਸਲਾ ਦਿੱਤਾ। ... ਪਰ ਉਹ ਕਹਿਣ ਲਗਾ ਕਿ ਉਹ ਐਮ.ਐਸ. ਸੀ. ਨਹੀਂ ਕਰੇਗਾ। ਐਮ.ਏ. ਪੰਜਾਬੀ ਪਹਿਲੇ ਸਾਲ ਪ੍ਰਾਈਵੇਟ ਤੇ ਯੂਨੀਵਰਸਿਟੀ 'ਚ ਪ੍ਰਥਮ ਦਰਜਾ ਤੇ ਪਹਿਲੀ ਪੁਜ਼ੀਸ਼ਨ। ਯੂਨੀਵਰਸਿਟੀ 'ਚ ਦਾਖਲਾ ਲਿਆ ਤੇ ਫਿਰ ਪਹਿਲਾਂ ਵਾਲੀ ਪੁਜੀਸ਼ਨ ਕਾਇਮ ਰਖੀ। ਨੌਕਰੀ ਦੀ ਭਾਲ ਸ਼ੁਰੂ ਹੋਈ। ਕਰਨਾਲ, ਯਮੁਨਾ ਨਗਰ, ਤਰਨਤਾਰਨ ਨੌਕਰੀ ਮਿਲਦੀ ਸੀ, ਪਰ ਘਰ ਦੇ ਦੂਰ ਭੇਜਣਾ ਨਹੀਂ ਚਾਹੁੰਦੇ ਸਨ। ਪਾਤੜਾਂ ਵਿਖੇ ਜਿਥੇ ਪ੍ਰਿੰਸੀਪਲ ਬੇਦੀ ਆਪ ਹੀ ਕਾਲਜ ਦੇ ਕਰਤਾ ਧਰਤਾ ਸੀ, ਇਕ ਮੈਡਮ ਵਿਆਹ ਕਰਵਾ ਕੇ ਨੌਕਰੀ ਛੱਡ ਗਈ। ... ਕਾਲਜ ਕਮੇਟੀ ਨੇ ਪ੍ਰਿੰਸੀਪਲ ਬੇਦੀ ਨੂੰ ਕਿਹਾ ਕਿ ਉਹ ਸੁਖਨਪ੍ਰੀਤ ਨੂੰ ਹੀ ਲੈਕਚਰਾਰ ਦੀ ਆਸਾਮੀ 'ਤੇ ਲਾ ਲਵੇ। ਪ੍ਰਿੰਸੀਪਲ ਬੇਦੀ ਦੁਚਿੱਤੀ ਵਿੱਚ ਸੀ ਤੇ ਸੁਖਨਪ੍ਰੀਤ ਨੇ ਪਹਿਲਾਂ-ਪਹਿਲ ਤਾਂ ਕੋਰਾ ਜੁਆਬ ਦੇ ਦਿੱਤਾ। ਪਰ ਇਸੇ ਕਾਲਜ ਵਿੱਚ ਲੱਗੇ ਲੈਕਚਰਾਰ ਦੋਸਤ ਦੇ ਸਮਝਾਉਣ 'ਤੇ ਸਹਿਮਤੀ ਦੇ ਦਿੱਤੀ।

... ਪਰ ਨੌਕਰੀ ਲਗਣ ਤੋਂ ਇਕ ਸਾਲ ਮਗਰੋਂ ਸੁਖਨਪ੍ਰੀਤ ਤੇ ਪ੍ਰਿੰਸੀਪਲ ਦੋਵਾਂ ਨੇ ਮਹਿਸੂਸ ਕੀਤਾ ਕਿ ਇਹ ਫ਼ੈਸਲਾ ਦੋਵਾਂ ਲਈ ਢੁਕਵਾਂ ਨਹੀਂ ਸੀ। .... ਪਰ ਇਕ ਤਕਨੀਕੀ ਅੜਚਣ ਆ ਗਈ ਕਿ ਦੂਜੇ ਕਾਲਜਾਂ ਵਾਲੇ ਵੀ ਅਜੇ ਸ਼ਾਇਦ ਨਾ ਰਖਣ ਕਿਉਂਕਿ ਸੁਖਨਪ੍ਰੀਤ ਨੇ

ਐਮ. ਫਿਲ ਅਜੇ ਪੂਰੀ ਕਰਨੀ ਸੀ। ਉਸ ਨੂੰ ਐਮ.ਫਿਲ ਕਰਦਿਆਂ ਦੋ ਸਾਲ ਲਗ ਗਏ ਤੇ ਫਿਰ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ ਉਸ ਦੀ ਨੌਕਰੀ ਰੈਗੂਲਰ ਹੋ ਗਈ। ਸ਼ਰਤ ਸੀ ਕਿ ਘੱਟੋ-ਘੱਟ ਦੋ ਸਾਲ ਇਸੇ ਕਾਲਜ ਵਿੱਚ ਹੋਰ ਲਾਉਣੇ ਪੈਣਗੇ।

...ਸੁਖਮਨਪ੍ਰੀਤ ਮਹਿਸੂਸ ਕਰਦਾ ਕਿ ਉਸ ਦੇ ਸਟਾਫ਼ ਮੈਂਬਰ ਉਸ ਤੋਂ ਅਲੱਗ-ਥਲੱਗ ਜਿਹੇ ਰਹਿੰਦੇ ਹਨ ਜਾਂ ਉਸ ਨੂੰ ਅਲੱਗ-ਥਲੱਗ ਰਖਿਆ ਜਾਂਦਾ। ਦੱਬੇ ਸੁਰ ਵਿੱਚ ਉਸ ਦੇ ਕੁਲੀਗ ਇਹ ਕਹਿ ਦਿੰਦੇ ਕਿ ਉਸ ਦੀ ਨੌਕਰੀ ਰੈਗੂਲਰ ਉਸ ਦੇ ਪ੍ਰਿੰਸੀਪਲ ਪਿਤਾ ਕਾਰਨ ਹੀ ਹੋਈ ਹੈ। ...ਕਾਲਜ ਦੇ ਵਿਦਿਆਰਥੀ ਵੀ ਉਸ ਦੀ ਇੱਜ਼ਤ ਬਹੁਤੀ ਨਾ ਕਰਦੇ ਹਾਲਾਂਕਿ ਉਹ ਆਪਣੇ ਵਿਸ਼ੇ ਨੂੰ ਬੜੀ ਮਾਹਿਰਤਾ ਨਾਲ ਪੜ੍ਹਾਉਂਦਾ।

ਇਸੇ ਦੌਰਾਨ ਸੁਖਨਪ੍ਰੀਤ ਦਾ ਵਿਆਹ ਉਸ ਦੀ ਦੂਰ ਦੀ ਭੂਆ ਦੀ ਕੁੜੀ ਨਾਲ ਕਰ ਦਿੱਤਾ ਗਿਆ ਜੋ ਜੀਂਦ ਨਾਲ ਸਬੰਧ ਰੱਖਦੀ ਸੀ। ਐਮ.ਏ., ਬੀ.ਐਡ. ਪ੍ਰਿੰਸੀਪਲ ਸਹੁਰੇ ਦੀ ਮੇਹਰਬਾਨੀ ਨਾਲ ਉਸ ਨੂੰ ਸਮਾਣੇ ਕੁੜੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਰੈਗੂਲਰ ਨੌਕਰੀ ਮਿਲ ਗਈ। ਸੁਖਨਪ੍ਰੀਤ ਦੀ ਪਤਨੀ ਅਵਿਨਾਸ਼ ਕੌਰ ਵੀ "ਡੈਡੀ ਡੈਡੀ" ਦੇ ਗੁਣ-ਗਾਨ ਗਾਉਂਦੀ ਰਹਿੰਦੀ। ਡੈਡੀ ਇਕ ਕੁਸ਼ਲ ਪ੍ਰਬੰਧਕ ਸੀ, ਪ੍ਰਸਿੱਧ ਲੇਖਕ ਤੇ ਆਲੋਚਕ ਸੀ, ਇਕ ਪ੍ਰਸਿੱਧ ਸਿੱਖਿਆ ਸ਼ਾਸਤਰੀ ਵੀ। ਸੁਖਨਪ੍ਰੀਤ ਨੂੰ ਮਹਿਸੂਸ ਹੁੰਦਾ ਕਿ ਉਹ ਤਾਂ ਕੁਝ ਵੀ ਨਹੀਂ ਹੈ। ਉਸ ਨੇ ਇਕ ਨਾਵਲ ਲਿਖਿਆ 'ਕੱਦਾਵਰ' ਜੋ ਦੋ ਪੀੜ੍ਹੀਆਂ ਦੇ ਟਕਰਾਅ ਤੇ ਮਾਨਸਿਕ ਦਵੰਦਾਂ ਦੀ ਕਹਾਣੀ ਸੀ। ਨਾਵਲ ਵਧੀਆ ਸੀ ਪਰ ਇਸ ਨਾਵਲ ਨੂੰ ਹੁੰਗਾਰਾ ਨਾ ਮਿਲਿਆ। ਕਾਰਣ ਉਹ ਇਕ ਪ੍ਰਸਿੱਧ ਆਲੋਚਕ ਤੇ ਲੇਖਕ ਦਾ ਬੇਟਾ ਸੀ ਤੇ ਦੂਜੇ ਆਲੋਚਕਾਂ ਤੇ ਲੇਖਕਾਂ ਨੇ ਦੜ੍ਹ ਵਟ ਲਈ। ਨਾ ਚੰਗਾ ਕਿਹਾ ਤੇ ਨਾ ਹੀ ਮਾੜਾ। ਪ੍ਰਿੰਸੀਪਲ ਬੇਦੀ ਨਾਵਲ ਬਾਰੇ ਲਿਖਣਾ ਚਾਹੁੰਦਾ ਹੋਇਆ ਵੀ ਨਾ ਲਿਖ ਸਕਿਆ। 'ਕੱਦਾਵਰ' ਦੀ ਅਸਫ਼ਲਤਾ ਨੇ ਸੁਖਨਪ੍ਰੀਤ ਦੇ ਦਿਲ ਦਿਮਾਗ ਤੇ ਨਾਕਾਰਾਤਮਕ ਅਸਰ ਪਾਇਆ। ਪਤਨੀ ਨੂੰ ਸਾਹਿਤ ਨਾਲ ਕੋਈ ਲਗਾਓ ਨਹੀਂ ਸੀ। ਉਸ ਨੇ ਨਾ ਨਾਵਲ ਪੜ੍ਹਿਆ ਤੇ ਨਾ ਹੀ ਸੁਖਨਪ੍ਰੀਤ ਦਾ ਹੌਸਲਾ ਵਧਾਇਆ। ਸਗੋਂ ਕਹਿਣਾ "ਜ਼ਰੂਰੀ ਤਾਂ ਨਹੀਂ ਕਿ ਘਰ ਵਿੱਚ ਹਰ ਬੰਦਾ ਪ੍ਰਸਿੱਧ ਲੇਖਕ ਬਣੇ। ਤੁਸੀਂ ਇਕ ਵਧੀਆ ਪਤੀ, ਬੇਹਤਰ ਪਿਤਾ ਤੇ ਵਰਣਨਯੋਗ ਪੁੱਤਰ ਬਣ ਕੇ ਦੁਨੀਆ ਨੂੰ ਵਿਖਾਓ।" ਵਿਆਹ ਤੋਂ ਦੂਜੇ ਸਾਲ ਹੀ ਸੁਖਨਪ੍ਰੀਤ ਇਕ ਜੋੜੇ ਪੁੱਤਰ-ਧੀ ਦਾ ਪਿਤਾ ਬਣ ਗਿਆ।

ਪਹਿਲਾਂ-ਪਹਿਲਾਂ ਉਹ ਸ਼ਰਾਬ ਚੋਰੀ ਛੁਪੇ ਪੀਂਦਾ ਸੀ। ਫਿਰ ਸ਼ਰੇ-ਆਮ ਪੀਣ ਲੱਗਾ ਤੇ ਹਰ ਰੋਜ਼ ਰੱਜ ਕੇ ਘਰ ਆਉਂਦਾ। ਉਸ ਨੂੰ ਲੱਗਦਾ ਸਾਰਾ ਕਾਲਜ, ਸਾਰੇ ਰਿਸ਼ਤੇਦਾਰ, ਸਾਰੇ ਦੋਸਤ-ਮਿੱਤਰ, ਸਾਰਾ ਸ਼ਹਿਰ ਉਸ 'ਤੇ ਥੂ-ਥੂ ਕਰ ਰਿਹਾ ਹੈ ਤੇ ਉਸ ਦੇ ਪਿਤਾ ਨੂੰ ਓਨਾ ਹੀ ਵਧੇਰੇ ਸਰਾਹ ਰਿਹਾ ਹੈ। ਪਿਓ-ਪੁੱਤਰਾਂ ਵਿੱਚ ਘਰ ਵਿੱਚ ਬੋਲ-ਬਾਣੀ ਲਗਭਗ ਬੰਦ ਹੋ ਗਈ। ਅਨਿਵਾਸ਼ ਜਦੋਂ ਸ਼ਰਾਬ ਪੀਣ ਤੋਂ ਵਰਜਦੀ ਤਾਂ ਸੁਖਨਪ੍ਰੀਤ ਕੁਟਾਪਾ ਚਾੜ੍ਹ ਦਿੰਦਾ। ਕਾਲਜ ਵਿੱਚ ਵੀ ਉਹ ਪ੍ਰਿੰਸੀਪਲ ਪਿਤਾ ਨਾਲ ਇਕ ਵੀ ਸ਼ਬਦ ਸਾਂਝਾ ਨਾ ਕਰਦਾ। ਹੌਲੀ-ਹੌਲੀ ਉਹ ਅਫੀਮ ਵੀ ਛਕਣ ਲਗ ਪਿਆ। ਸੱਠ ਸਾਲ ਦੀ ਉਮਰ ਵਿੱਚ ਪ੍ਰਿੰਸੀਪਲ ਬੇਦੀ ਦੀ ਰਿਟਾਇਰਮੈਂਟ ਹੋਈ।

ਸਾਰਾ ਸ਼ਹਿਰ, ਕਾਲਜ ਦਾ ਸਮੁੱਚਾ ਪ੍ਰਬੰਧਕੀ ਢਾਂਚਾ, ਸ਼ਹਿਰ ਦੀ ਕਾਰਜ ਪਾਲਕਾ, ਐਸ.ਡੀ.ਐਮ., ਡੀ.ਸੀ. ਸਭ ਨੇ ਰਲ ਕੇ ਪ੍ਰਿੰਸੀਪਲ ਬੇਦੀ ਦੀ ਪ੍ਰਸੰਸਾ ਕੀਤੀ। ਉਸ ਦਿਨ ਸੁਖਨਪ੍ਰੀਤ ਸਮਾਗਮ ਖ਼ਤਮ ਹੋਣ ਤੋਂ ਪਹਿਲਾਂ ਹੀ ਘਰ ਚਲਾ ਗਿਆ। ਸ਼ਰਾਬ ਤੇ ਨਸ਼ੇ ਨਾਲ ਟੁੰਨ। ਲੋਕਾਂ ਦੀਆਂ ਗੱਲਾਂ ਸੁਣ-ਸੁਣ ਕੇ ਉਹ ਇੰਨਾ ਬੇਚੈਨ ਹੋ ਗਿਆ ਕਿ ਉਸ ਦਿਨ ਸ਼ਰਾਬ ਦੀ ਪੂਰੀ ਬੋਤਲ ਪੀ ਗਿਆ। ਗੁਰਮੁਖ ਪਿਤਾ ਨੂੰ ਰਿਟਾਇਰਮੈਂਟ ਵਾਲੇ ਦਿਨ ਉਸ ਨੇ ਇਕ ਤੋਹਫਾ ਭੇਂਟ ਕੀਤਾ- ਪਗੜੀ ਲਾਹ ਕੇ ਤੇ ਵਾਲ ਮੁਨਾ ਕੇ ਘਰ ਮੁੜਿਆ। ਘਰ ਵਿੱਚ ਸੋਗ ਜਿਹਾ ਸੋਗ। ਅਵਿਨਾਸ਼ ਨੇ ਧਮਕੀ ਦਿੱਤੀ - "ਮੈਂ ਬੱਚਿਆਂ ਨੂੰ ਲੈ ਕੇ ਪੇਕੇ ਚਲੀ ਜਾਣੈ।"

ਸਹੁਰੇ ਪਿਤਾ ਨੇ ਸ਼ਾਂਤ ਰਹਿਣ ਲਈ ਕਿਹਾ। ਸੁਖਨਪ੍ਰੀਤ ਹੁਣ ਕਾਲਜ ਜਾਂਦਾ। ਕੁਝ ਕੁਲੀਗ ਉਸ ਨਾਲ ਹਮਦਰਦੀ ਰਖਦੇ। ਪਰ ਬਹੁਤੇ ਖੁਸ਼ ਸਨ ਕਿ ਹੁਣ ਕਾਲਜ ਵਿੱਚ ਉਸ ਦਾ ਜਲੂਸ ਨਿਕਲ ਰਿਹਾ ਹੈ। ਨਵੇਂ ਪ੍ਰਿੰਸੀਪਲ ਨੇ ਸੁਖਨਪ੍ਰੀਤ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਿੱਟਾ ਨਾਕਾਰਾਤਮਕ ਨਿਕਲਿਆ। ਸ਼ਰਾਬ ਵਿੱਚ ਟੁੰਨ ਹੋ ਕੇ ਜਦੋਂ ਕਾਲਜ ਆਉਣ ਲੱਗਾ ਤਾਂ ਨਵੇਂ ਪ੍ਰਿੰਸੀਪਲ ਨੇ ਉਸ ਨੂੰ ਸਸਪੈਂਡ ਕਰ ਦਿੱਤਾ।

ਸੁਖਨਜੀਤ ਹੁਣ ਗਲੀਆਂ, ਸੜਕਾਂ ਤੇ ਬੌਰਿਆਂ ਤੇ ਪਾਗਲਾਂ ਵਾਂਗ ਘੁੰਮਦਾ। ਨਾ ਸਰਦੀ ਦੀ ਪਰਵਾਹ ਕਰਦਾ, ਨਾ ਗਰਮੀ ਦੀ। ਪਿਤਾ ਤੇ ਪਤਨੀ ਨੇ ਇਕ ਵਾਰ ਚੰਡੀਗੜ੍ਹ ਦੇ ਇਕ ਪ੍ਰਸਿੱਧ ਸਾਈਕੈਟਰਿਕ ਨੂੰ ਦਿਖਾਇਆ। ਉਸ ਨੇ ਸੁਖਨਪ੍ਰੀਤ ਤੋਂ ਪਿਆਰ ਨਾਲ ਸ਼ੁਰੂ ਤੋਂ ਅਖ਼ੀਰ ਤਕ ਕਹਾਣੀ ਸੁਣੀ। ਕਈ ਪ੍ਰਸ਼ਨਾਂ ਦੇ ਜੁਆਬ ਉਹ ਚੰਗੀ ਤਰ੍ਹਾਂ ਦਿੰਦਾ ਤੇ ਕੁੱਝ ਪ੍ਰਸ਼ਨਾਂ ਵਿੱਚ ਉਹ ਉਲਝ ਜਾਂਦਾ। ਪਤਨੀ ਰੋਜ਼-ਰੋਜ਼ ਦੀ ਬੇਇਜ਼ਤੀ ਤੇ ਮਾਰ ਤੋਂ ਤੰਗ ਆ ਕੇ ਆਪਣੇ ਪੇਕੇ ਬੱਚਿਆਂ ਨੂੰ ਲੈ ਕੇ ਜੀਂਦ ਚਲੀ ਗਈ। ਮਾਂ ਇਸ ਸੰਤਾਪ ਨੂੰ ਨਾ ਸਹਾਰ ਸਕੀ ਤੇ ਚਲ ਵਸੀ। ਮਾਂ ਦੀ ਮੌਤ 'ਤੇ ਕਦੀ ਸੁਖਨਪ੍ਰੀਤ ਠਹਾਕੇ ਲਾ ਕੇ ਹਸਦਾ ਤੇ ਕਦੀ ਬੇਤਹਾਸ਼ਾ ਬੱਚਿਆਂ ਵਾਂਗ ਜ਼ਾਰ-ਜ਼ਾਰ ਰੋਂਦਾ ਤੇ ਕਦੀ ਔਰਤਾਂ ਵਾਂਗ ਪਟਾਂ ਤੇ ਦੁਹਥੜ ਮਾਰ ਮਾਰ ਸਿਆਪਾ ਕਰਦਾ। ਮਾਂ ਦੇ ਭੋਗ ਤੇ ਪਤਨੀ ਨੇ ਇਕ ਵਾਰ ਵੀ ਉਸ ਵਲ ਹਮਦਰਦੀ ਭਰੀਆਂ ਨਜ਼ਰਾਂ ਨਾਲ ਨਾ ਵੇਖਿਆ ਤੇ ਨਾ ਹੀ ਉਸ ਦਾ ਪ੍ਰਛਾਵਾਂ ਬੱਚਿਆਂ 'ਤੇ ਪੈਣ ਦਿੱਤਾ। ਉਹ ਪੇਕਿਆਂ ਤੋਂ ਭਰਾਵਾਂ ਤੇ ਰਿਸ਼ਤੇਦਾਰਾਂ ਦੀ ਫ਼ੌਜ ਨਾਲ ਲਿਆਈ ਸੀ।

ਮਾਂ ਦੀ ਅੰਤਿਮ ਅਰਦਾਸ ਤੋਂ ਬਾਅਦ ਸੁਖਨਪ੍ਰੀਤ ਮਾਂ-ਮਹਿਟਰ ਹੋਣ ਕਾਰਨ ਹੋਰ ਵੀ ਵਧੇਰੇ ਬਾਂਦਰਾਂ ਵਾਂਗ ਸਾਰਾ ਦਿਨ ਗਲੀਆਂ ਕਛਦਾ। ਕਾਲਜ ਵੱਲੋਂ ਅੱਧੀ ਤਨਖਾਹ ਉਸ ਨੂੰ ਪਹੁੰਚਾ ਦਿੱਤੀ ਜਾਂਦੀ। ਪਿਤਾ ਅਗਰਸੈਨ ਵੂਮੈਨ ਕਾਲਜ ਪਾਂਤੜਾ ਦਾ ਪ੍ਰਿੰਸੀਪਲ ਬਣ ਗਿਆ ਸੀ ਤੇ ਪੁੱਤਰ ਵਾਲ ਖਿਲੇਰੀ, ਬੇਢਬੇ ਪਹਿਰਾਵਿਆਂ ਵਿੱਚ ਸ਼ਹਿਰ ਘੁੰਮਦਾ ਰਹਿੰਦਾ। ਨਾ ਉਸ ਨੂੰ ਲੱਗੀ ਕਿਸੇ ਸੱਟ ਦਾ ਦਰਦ ਹੁੰਦਾ ਤੇ ਨਾ ਹੀ ਉਸ ਵੱਲੋਂ ਕਿਸੇ ਨੂੰ ਮਾਰੀ ਸੱਟ ਦਾ ਕੋਈ ਅਫਸੋਸ ਉਸ ਨੂੰ ਹੁੰਦਾ। ਇਕ ਵਾਰ ਮੁੜ ਪ੍ਰਿੰਸੀਪਲ ਬੇਦੀ ਉਸ ਨੂੰ ਦਿੱਲੀ ਕਿਸੇ ਸਾਈਕੈਟਰਿਕ ਕੋਲ ਲੈ ਗਿਆ। ਉਸ ਨੇ ਇਕ ਹਫ਼ਤੇ ਪਿਓ ਪੁੱਤਰਾਂ ਨੂੰ ਦਿੱਲੀ ਰਖਿਆ। ਸਾਈਕੈਟਰਿਕ ਨੇ ਅਖੀਰਲੇ ਦਿਨ ਅਹਿਮ ਸਿੱਟਾ ਕਢਿਆ - "ਪ੍ਰਿੰਸੀਪਲ ਸਾਹਿਬ, ਤੁਸੀਂ ਬੜੇ ਕੱਦਾਵਰ ਸਖਸ਼ੀਅਤ ਰਹੇ ਹੋਵੋਗੇ।... ਪਰ ਤੁਸੀਂ ਆਪਣੇ ਬੇਟੇ ਦੀ ਕੱਦਾਵਰ ਸ਼ਖਸੀਅਤ ਨੂੰ ਕਦੇ ਗੌਲਣ ਦਾ ਯਤਨ ਨਹੀਂ ਕੀਤਾ ਜੋ ਤੁਹਾਡੇ ਨਾਲੋਂ ਉਚੇਰਾ ਹੋਣ ਲਈ ਜੂਝਦੀ ਰਹੀ, ਵਿਲਕਦੀ ਰਹੀ... ਤੁਹਾਡੀ ਸ਼ਖਸੀਅਤ ਦੇ ਪ੍ਰਛਾਵੇਂ ਤੋਂ ਮੁਕਤ ਹੋਣ ਦਾ ਯਤਨ ਕਰਦੀ ਰਹੀ।"

# ਸ਼ੋਕ ਸਮਾਚਾਰ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ. ਦਰਸ਼ਨ ਸਿੰਘ ਸਪੁੱਤਰ ਸ. ਜੇਠਾ ਸਿੰਘ ਨਿਵਾਸੀ ਮਾਡਰਨ ਕੰਪਲੈਕਸ ਛਾਬੜਾ ਕਾਲੋਨੀ ਬਰਾੜਾ ਜ਼ਿਲ੍ਹਾ ਅੰਬਾਲਾ (ਪਿਛਲਾ ਪਿੰਡ ਕਿਲ੍ਹਾ ਸੂਰਾ ਸਿੰਘ, ਜ਼ਿਲ੍ਹਾ- ਗੁਜਰਾਤ, ਪਾਕਿਸਤਾਨ) ਮਿਤੀ 22-07-2018 ਨੂੰ 82 ਸਾਲ ਦੀ ਆਯੂ ਭੋਗ ਕੇ ਪਰਲੋਕ ਸੁਧਾਰ ਗਏ ਹਨ। ਉਹਨਾਂ ਦੀ ਆਤਮਕ ਸ਼ਾਂਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ 29-07-2018 ਨੂੰ ਉਹਨਾਂ ਦੇ ਗ੍ਰਹਿ ਵਿਖੇ ਪਾਇਆ ਗਿਆ। ਇਸਦੇ ਉਪਰੰਤ ਗੁਰਦੁਆਰਾ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਵਿੱਚ ਇਲਾਹੀ ਬਾਣੀ ਦਾ ਕੀਰਤਨ ਹੋਇਆ ਅਤੇ ਸਾਰੀ ਸੰਗਤ ਨੇ ਉਹਨਾਂ ਦੀ ਵਿਛੜੀ ਰੂਹ ਦੀ ਸ਼ਾਂਤੀ ਲਈ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਇਨ੍ਹਾਂ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ। ਅੰਤਿਮ ਅਰਦਾਸ ਵਿਚ ਸਗੇ-ਸਬੰਧੀਆਂ ਤੋਂ ਇਲਾਵਾ ਬਰਾੜੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਭਾਗ ਲਿਆ। ਇਸ ਮੌਕੇ ਤੇ ਡਾਕਟਰ ਕਮਲਜੀਤ ਸਿੰਘ, ਡਾਕਟਰ ਬਲਬੀਰ ਕੌਰ ਪਟਿਆਲਾ, ਸ. ਪਰਮਜੀਤ ਸਿੰਘ ਸਾਬਕਾ ਸਰਪੰਚ ਪਿਪਲ ਮਗੋਲੀ, ਸ. ਕਮਲਜੀਤ ਸਿੰਘ ਪ੍ਰਾਪਟੀ ਡੀਲਰ ਰਾਜਪੁਰਾ, ਇੰਜੀ. ਅਮਰਜੀਤ ਸਿੰਘ, ਸ. ਗਿਆਨ ਸਿੰਘ ਮੁਲਤਾਨੀ ਚੰਡੀਗੜ੍ਹ, ਸ. ਬਲਵਿੰਦਰ ਸਿੰਘ ਮੁਲਤਾਨੀ ਡਿਪਟੀ ਮੈਨੇਜਰ ਬੀਮਾ ਕੰਪਨੀ ਚੰਡੀਗੜ੍ਹ, ਸ. ਜਗਜੀਤ ਸਿੰਘ ਪਿੰਡ ਬਾਵਲੀ ਜ਼ਿਲ੍ਹਾ ਕਪੂਰਥਲਾ, ਸੂਬੇਦਾਰ ਰਛਪਾਲ ਸਿੰਘ ਅਤੇ ਸ. ਹਰਜਿੰਦਰ ਸਿੰਘ ਡਾਇਰੈਕਟਰ ਪ੍ਰਿੰਸੀਪਲ ਜੀ.ਐਨ. ਇੰਜੀਨੀਰਿੰਗ ਕਾਲਜ ਬਰਾੜਾ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਏ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਧਰਮ ਅਸਥਾਨਾਂ ਲਈ ਦਾਨ ਦੀ ਮਾਇਆ ਵਿੱਚ ਦੋਹਾਂ ਭਰਾਵਾਂ ਸੂਬੇਦਾਰ ਸੁਰਜੀਤ ਸਿੰਘ ਅਤੇ ਸ. ਮਲਕੀਤ ਸਿੰਘ (ਇਟਲੀ) ਨੇ 1100/- ਰੁ: ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਭੇਟ ਕੀਤੇ। ਫਾਊਂਡੇਸ਼ਨ ਇਸ ਦੁੱਖ ਦੀ ਘੜੀ ਵਿਚ ਅਦਾਰਾ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਊਂਡੇਸ਼ਨ ਚੰਡੀਗੜ੍ਹ।**

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**
